# 1

# ਸਲਾਮ
# (1:1, 2)

## ਲਿਖਤੁਮ ਪੌਲੁਸ ਨਾਲੇ ਤਿਮੋਥਿਉਸ (1:1)

**''... ਪੌਲੁਸ''** (1:1)

**ਪੌਲੁਸ** ਨੇ ਕੁਲੁੱਸੀਆਂ ਦੇ ਨਾਂਅ ਆਪਣੇ ਖ਼ਤ ਦੀ ਸ਼ੁਰੂਆਤ ਰਸੂਲ ਹੋਣ ਦੇ ਇਖ਼ਤਿਆਰ ਨਾਲ ਲੇਖਕ ਦੇ ਰੂਪ ਵਿਚ ਕੀਤੀ। ਉਸ ਨੇ ਤਿਮੋਥਿਉਸ ਨੂੰ ਆਪਣੇ ਨਾਲ ਕੰਮ ਕਰਨ ਵਾਲਾ ਅਤੇ ਮਸੀਹ ਵਿਚ ਭਰਾ ਦੱਸਿਆ। ਇਸ ਦੇ ਬਾਅਦ ਉਹ ਮਸੀਹ ਵਿਚ ਕੁਲੁੱਸੇ ਦੇ ਆਪਣੇ ਭਾਈਆਂ ਨੂੰ ਸੰਬੋਧਿਤ ਕਰਨ ਅਤੇ ਖ਼ੁਦਾ ਵੱਲੋਂ ਉਨ੍ਹਾਂ ਲਈ ਬਰਕਤਾਂ ਦੀ ਚਾਹ ਕਰਨ ਲਈ ਅੱਗੇ ਵਧਿਆ।

ਪੌਲੁਸ ਦੇ ਤੇਰ੍ਹਾਂ ਖ਼ਤਾਂ ਦੀ ਸ਼ੁਰੂਆਤ ਉਸ ਦੇ ਨਾਂਅ ਨਾਲ ਹੀ ਹੁੰਦੀ ਹੈ। ਇਸ ਖ਼ਤ ਦੀ ਸ਼ੁਰੂਆਤ ''ਲਿਖਤੁਮ ਪੌਲੁਸ'' ਨਾਲ ਕਰਕੇ ਉਸ ਨੇ ਆਪਣੇ ਸਮੇਂ ਵਿਚ ਪਾਏ ਜਾਣ ਵਾਲੇ ਸਲਾਮ ਦਾ ਢੰਗ ਵਰਤਿਆ। ਆਮ ਤੌਰ ਤੇ ਉਹ ਆਪਣੇ ਨਾਂਅ ਅਤੇ ਕਈ ਵਾਰ ਨਾਲ ਦੇ ਆਦਮੀ ਜਾਂ ਆਦਮੀਆਂ ਦੇ ਨਾਂਅ ਨਾਲ ਪ੍ਰਾਪਤ ਕਰਨ ਵਾਲਿਆਂ ਦੀ ਗੱਲ ਕਰਦਿਆਂ ਸਲਾਮ ਲਿਖਦਾ ਸੀ।

ਰਸੂਲਾਂ ਦੇ ਕੰਮ ਕਿਤਾਬ ਇਸ ਰਸੂਲ ਨੂੰ ''ਸੌਲੁਸ'' ਅਤੇ ''ਪੌਲੁਸ'' ਦੋ ਨਾਵਾਂ ਨਾਲ ਵਿਖਾਉਂਦੀ ਹੈ (ਰਸੂਲਾਂ ਦੇ ਕੰਮ 13:9)। ਜਦ ਉਹ ਯਹੂਦੀਆਂ ਵਿੱਚੋਂ ਸੀ ਤਾਂ ਜ਼ਾਹਿਰ ਤੌਰ ਤੇ ਉਸ ਨੂੰ ਉਸ ਦੇ ਇਬਰਾਨੀ ਨਾਂਅ ''ਸੌਲੁਸ'' (*sha'ul*, ਭਾਵ ''ਖ਼ੁਦਾ ਤੋਂ ਮੰਗਿਆ ਹੋਇਆ'') ਨਾਲ ਜਾਣਿਆ ਜਾਂਦਾ ਸੀ। ਇਸ ਦਾ ਯੂਨਾਨੀ ਮੇਲ ਖਾਂਦਾ ਸ਼ਬਦ *Saulos* ਹੈ। ਪੌਲੁਸ ਜਦ ਗੈਰਕੌਮ ਸੰਸਾਰ ਵਿਚ ਪ੍ਰਚਾਰ ਕਰਨ ਲੱਗਾ ਤਾਂ ਲੂਕਾ ਉਹਦੇ ਯੂਨਾਨੀ ਨਾਂਅ *Paulos* ਜਾਂ ਪੌਲੁਸ ਦੀ ਵਰਤੋਂ ਕਰਨ ਲੱਗਾ, ਜਿਸ ਦਾ ਅਰਥ ਹੈ ''ਛੁਟਾ।'' ਆਪਣੇ ਖ਼ਤਾਂ ਵਿਚ ਉਸ ਨੇ ਆਪਣੇ ਆਪ ਨੂੰ ''ਪੌਲੁਸ'' ਦੱਸਿਆ (ਉਦਾਹਰਣ ਲਈ, ਰੋਮੀਆਂ 1:1; 1 ਕੁਰਿੰਥੀਆਂ 1:1)। ਪਤਰਸ ਨੇ ਵੀ 2 ਪਤਰਸ 3:15 ਵਿਚ ਉਸ ਨੂੰ ''ਪੌਲੁਸ'' ਆਖਿਆ, ਜੋ ਕਿ ਰਸੂਲਾਂ ਦੇ ਕੰਮ ਕਿਤਾਬ ਅਤੇ ਪੌਲੁਸ ਦੇ ਖ਼ਤਾਂ ਦੇ ਬਾਹਰ ਨਵੇਂ ਨੇਮ ਵਿਚ ਉਸ ਦੇ ਨਾਂਅ ਦਾ ਇੱਕੋ ਇਕ ਜ਼ਿਕਰ ਹੈ।

ਦਮਿਸ਼ਕ ਦੇ ਰਾਹ ਤੇ ਆਪਣੇ ਅਨੁਭਵ ਨੂੰ ਯਾਦ ਕਰਦਿਆਂ (ਰਸੂਲਾਂ ਦੇ ਕੰਮ 22:7; 26:14), ਪੌਲੁਸ ਨੇ ਯਿਸੂ ਵੱਲੋਂ ਉਸ ਨੂੰ ''ਹੇ ਸੌਲੁਸ, ਹੇ ਸੌਲੁਸ'' ਕਹਿਣ ਨੂੰ ਦੋਹਰਾਇਆ। ਹੋਰ ਮਾਮਲਿਆਂ ਵਿਚ ਉਸ ਨੇ ਆਪਣੇ ਆਪ ਨੂੰ ''ਪੌਲੁਸ'' ਆਖਿਆ। ਆਪਣੇ ਖ਼ਤਾਂ ਵਿਚ ਉਸ ਨੇ ਕਦੇ ''ਸੌਲੁਸ'' ਨਾਂਅ ਨਹੀਂ ਵਰਤਿਆ, ਸ਼ਾਇਦ ਇਸ ਕਰਕੇ ਕਿ ਉਹ ਗੈਰਕੌਮ ਸੰਸਾਰ ਨੂੰ ਲਿਖੇ ਗਏ ਸਨ, ਜਾਂ ਤਿਮੋਥਿਉਸ, ਤੀਤੁਸ ਅਤੇ ਫਿਲੇਮੋਨ ਵਰਗਿਆਂ ਦੇ ਗੈਰਕੌਮ ਪਿਛੋਕੜ ਕਰਕੇ।

ਕਈਆਂ ਦਾ ਦਾਅਵਾ ਹੈ ਕਿ ਮਸੀਹੀ ਬਣਨ ਤੇ ਉਸ ਦਾ ਨਾਂਅ ''ਸੌਲੁਸ'' ਤੋਂ ''ਪੌਲੁਸ'' ਰੱਖ ਦਿੱਤਾ ਗਿਆ ਸੀ। ਸ਼ਾਇਦ ਇਹ ਸਹੀ ਨਹੀਂ ਹੈ। ਲੂਕਾ ਉਸ ਦੀ ਮਨਬਦਲੀ ਦੇ ਬਾਰਾਂ ਸਾਲ ਬਾਅਦ ਤਕ ਉਸ ਨੂੰ ''ਸੌਲੁਸ'' ਹੀ ਕਹਿੰਦਾ ਰਿਹਾ ਹੈ (ਰਸੂਲਾਂ ਦੇ ਕੰਮ 7:58; 8:1–3; 9:1–22; 11:25–30; 13:1, 2)। ''ਪੌਲੁਸ'' ਦੇ ਰੂਪ ਵਿਚ ਉਸ ਦਾ ਪਹਿਲੀ ਵਾਰ ਜ਼ਿਕਰ ਉਸ ਦੀ ਪਹਿਲੀ ਮਿਸ਼ਨਰੀ ਯਾਤਰਾ ਦੇ ਸਮੇਂ ਕੁਫਰੁਸ ਨਾਮਕ ਟਾਪੂ ਤੇ ਪਾਫ਼ੁਸ ਵਿਚ ਇਕ ਇਲਮਾਸ ਦਾ

ਸਾਹਮਣਾ ਕਰਨ ਦੇ ਵਿਰਤਾਂਤ ਵਿਚ ਮਿਲਦਾ ਹੈ। ਲੂਕਾ ਨੇ ਲਿਖਿਆ ਹੈ ''ਪਰ ਸੌਲੁਸ ਜਿਹ ਨੂੰ ਪੌਲੁਸ ਵੀ ਆਖੀਦਾ ਹੈ'' (ਰਸੂਲਾਂ ਦੇ ਕੰਮ 13:9)। ਲੂਕਾ ਨੇ ਇਹ ਨਹੀਂ ਲਿਖਿਆ ਕਿ ਉਸ ਦਾ ਨਾਂਅ ''ਸੌਲੁਸ'' ਤੋਂ ਬਦਲ ਕੇ ''ਪੌਲੁਸ'' ਰੱਖ ਦਿੱਤਾ ਗਿਆ ਸੀ। ''ਰਸੂਲ ਨੂੰ ਸੰਭਵ ਤੌਰ ਤੇ ਬਾਲਪੁਣੇ ਤੋਂ ਹੀ *ਸੌਲੁਸ* (*Saoul, Saulos*) ਅਤੇ *ਪੌਲੁਸ* ਦੋਵੇਂ ਹੀ ਨਾਂਅ ਮਿਲੇ ਸਨ।[1] ਇਬਰਾਨੀ ਨਾਂਅ ਅਤੇ ਯੂਨਾਨੀ ਨਾਂਅ ਦੋਵੇਂ ਇਕੱਠੇ ਹੋਣਾ ਕੋਈ ਨਵੀਂ ਗੱਲ ਨਹੀਂ ਹੋਵੇਗੀ।

ਨਾ ਸਿਰਫ਼ ਰਸੂਲਾਂ ਦੇ ਕੰਮ (ਅਧਿਆਇ 13–28), ਬਲਕਿ ਉਸ ਦੇ ਖ਼ਤਾਂ ਤੋਂ ਵੀ ਕਿਸੇ ਵੀ ਹੋਰ ਰਸੂਲ ਨਾਲੋਂ ਵੱਧ ਪੌਲੁਸ ਬਾਰੇ ਪਤਾ ਲਗਦਾ ਹੈ। ਦਮਿਸ਼ਕ ਵਿਚ ਆਪਣੀ ਮਨਬਦਲੀ ਦੇ ਬਾਅਦ ਉਹ ਝੱਟ ਦਮਿਸ਼ਕ ਵਿਚ ਅਤੇ ਫਿਰ ਯਰੂਸ਼ਲਮ ਵਿਚ ਪ੍ਰਚਾਰ ਕਰਨ ਲੱਗ ਪਿਆ (ਰਸੂਲਾਂ ਦੇ ਕੰਮ 9:19–22, 26–28)। ਯਹੂਦੀਆਂ ਵੱਲੋਂ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਕਰਕੇ ਉਸ ਨੂੰ ਤਰਸੁਸ ਵਿਚ ਭੇਜ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 9:29, 30)। ਬਰਨਬਾਸ ਵੱਲੋਂ ਉਸ ਨੂੰ ਤਰਸੁਸ ਤੋਂ ਅੰਤਾਕੀਆ ਵਿਚ ਲਿਜਾਏ ਜਾਣ ਤਕ ਉਹ ਗੁਮਨਾਮ ਹੀ ਰਿਹਾ (ਰਸੂਲਾਂ ਦੇ ਕੰਮ 11:22–26; ਵੇਖੋ ਗਲਾਤੀਆਂ 1:22)। ਇਸ ਦੇ ਬਾਅਦ ਉਸ ਨੇ ਤਿੰਨ ਮਿਸ਼ਨਰੀ ਯਾਤਰਾਵਾਂ ਕੀਤੀਆਂ (ਰਸੂਲਾਂ ਦੇ ਕੰਮ 13:1–21:15)।

ਆਪਣੀ ਤੀਜੀ ਮਿਸ਼ਨਰੀ ਯਾਤਰਾ ਦੇ ਅਖ਼ੀਰ ਵਿਚ ਪੌਲੁਸ ਨੂੰ ਯਰੂਸ਼ਲਮ ਵਿਚ ਪਛਾਣ ਲਿਆ ਗਿਆ। ਯਹੂਦੀ ਉਸ ਨੂੰ ਮਾਰ ਦੇਣ ਦੀ ਤੱਕ ਵਿਚ ਸਨ, ਪਰ ਰੋਮੀ ਜਰਨੈਲ ਨੇ ਉਸ ਨੂੰ ਬਚਾ ਲਿਆ (ਰਸੂਲਾਂ ਦੇ ਕੰਮ 21:26–39)। ਉੱਥੋਂ ਉਸ ਨੂੰ ਕੈਸਰੀਆ ਵਿਚ ਭੇਜ ਦਿੱਤਾ ਗਿਆ ਅਤੇ ਫੇਲਿਕਸ ਵੱਲੋਂ, ਫਿਰ ਫੇਸਤੁਸ ਅਤੇ ਅਗ੍ਰਿੱਪਾ ਵੱਲੋਂ ਪੇਸ਼ੀ ਕੀਤੀ ਗਈ (ਰਸੂਲਾਂ ਦੇ ਕੰਮ 23–27)। ਰੋਮੀ ਸ਼ਹਿਰੀ ਹੋਣ ਕਰਕੇ ਉਸ ਨੇ ਰੋਮ ਵਿਚ ਕੈਸਰ ਅੱਗੇ ਪੇਸ਼ ਕੀਤੇ ਜਾਣ ਦੀ ਅਪੀਲ ਕੀਤੀ, ਜਿੱਥੇ ਉਹ ਦੋ ਸਾਲ ਕਿਰਾਏ ਦੇ ਮਕਾਨ ਵਿਚ ਰਿਹਾ ਅਤੇ ਇੰਜੀਲ ਦਾ ਪ੍ਰਚਾਰ ਕੀਤਾ (ਰਸੂਲਾਂ ਦੇ ਕੰਮ 28:30)।

ਉਸ ਦੀ ਜ਼ਿੰਦਗੀ ਦੀਆਂ ਬਾਅਦ ਦੀ ਘਟਨਾਵਾਂ ਤਿਮੋਥਿਉਸ ਅਤੇ ਤੀਤੁਸ ਦੇ ਨਾਂਅ ਉਸ ਦੇ ਖ਼ਤਾਂ ਅਤੇ ਬਾਈਬਲ ਤੋਂ ਬਾਹਰ ਦੀ ਰੀਤ ਤੋਂ ਮਿਲ ਸਕਦੀਆਂ ਹੈ:

> ਬਹੁਤ ਸੰਭਾਵਨਾ ਹੈ ਕਿ ਪੌਲੁਸ ਨੂੰ 63 ਈਸਵੀ ਵਿਚ ਛੱਡ ਦਿੱਤਾ ਗਿਆ ਅਤੇ ਆਪਣੀ ਫੇਰ ਗਿਰਫ਼ਤਾਰੀ ਅਤੇ ਨੀਰੋ ਦੇ ਹੱਥੋਂ ਮੌਤ ਤੋਂ ਪਹਿਲਾਂ ਉਹ ਸਫ਼ੇਦ ਅਤੇ ਏਜੀਅਨ ਇਲਾਕੇ ਵਿਚ ਗਿਆ (ਲਗਭਗ 67 ਈਸਵੀ)। *1 ਕਲੇਮੈਂਟ* (5.5–7; ? 95 ਈਸਵੀ), ਮਿਯੁਰੇਟੋਰਿਅਨ ਕੈਨਨ (ਲਗਭਗ 170 ਈਸਵੀ), ਅਤੇ ਅਪੋਕ੍ਰਿਫ਼ਾ (ਵਰਸੇਲੀ) *ਐਕਟਸ ਆਫ਼ ਪੀਟਰ* (1.3; ਲਗਭਗ 200 ਈਸਵੀ), ਸਪੇਨ ਦੇ ਇਕ ਸਫ਼ਰ ਦੀ ਗਵਾਹੀ ਦਿੰਦੇ ਹਨ; ਅਤੇ ਪਾਸਬਾਨੀ ਦੇ ਖ਼ਤ ਪੂਰਬ ਵਿਚ ਰਸੂਲਾਂ ਦੇ ਕੰਮ ਦੇ ਬਾਅਦ ਦੀ ਸੇਵਕਾਈ ਨੂੰ ਸ਼ਾਮਿਲ ਕਰਦੇ ਹੋਏ ਲਗਦੇ ਹਨ।[2]

ਪੇਸ਼ੀ ਸ਼ੁਰੂ ਹੋਣ ਅਤੇ ਛੱਡੇ ਜਾਣ ਦੇ ਬਾਅਦ ਉਹ ਸ਼ਾਇਦ ਸਪੇਨ ਵਿਚ ਮਿਸ਼ਨ ਦੇ ਕੰਮ ਲਈ ਜਾਂਦਿਆਂ (ਰੋਮੀਆਂ 15:24), ਮਕਦੂਨੀਆ ਵਿੱਚੋਂ ਦੀ ਜਾਂਦਿਆਂ (1 ਤਿਮੋਥਿਉਸ 1:3) ਤਿਮੋਥਿਉਸ ਨੂੰ ਅਫ਼ਸੁਸ ਵਿਚ ਛੱਡ ਗਿਆ। ਇਸ ਸਫ਼ਰ ਦੌਰਾਨ ਉਹ ਕਰੇਤੇ ਵਿੱਚੋਂ ਦੀ ਹੋ ਕੇ ਗਿਆ। ਜਿੱਥੇ ਉਹ ਰਹਿੰਦੇ ਕੰਮ ਨੂੰ ਪੂਰਾ ਕਰਨ ਲਈ ਤੀਤੁਸ ਨੂੰ ਛੱਡ ਗਿਆ (ਤੀਤੁਸ 1:5)। ਫਿਰ ਉਸ ਨੇ ਸਿਆਲ ਨਿਕਾਪੁਲਿਸ ਵਿਚ ਜਾਣ ਦੀ ਯੋਜਨਾ ਬਣਾਈ (ਤੀਤੁਸ 3:12)।[3] ਸਪੇਨ ਤੋਂ ਵਾਪਸ ਆਉਣ ਤੇ ਉਸ ਨੂੰ ਫੇਰ ਤੋਂ ਰੋਮ ਵਿਚ ਬੰਦੀ ਬਣਾ ਲਿਆ ਗਿਆ ਹੋਵੇਗਾ (2 ਤਿਮੋਥਿਉਸ 1:16, 17; 2:9)।[4] ਆਪਣੇ ਦੂਜੇ ਮੁਕੱਦਮੇ ਵਿਚ ਪਹਿਲੀ ਪੇਸ਼ੀ ਦੇ ਬਾਅਦ ਉਸ ਨੂੰ ਦੋਸ਼ੀ ਨਾ ਪਾਏ ਜਾਣ ਦੇ ਬਾਵਜੂਦ ਗਿਰਫ਼ਤਾਰ ਕਰ ਲਿਆ ਗਿਆ ਹੋਵੇਗਾ (2 ਤਿਮੋਥਿਉਸ 4:16–18)। ਪਰ ਉਸ ਨੂੰ ਛੁਟ ਜਾਣ

ਦੀ ਕੋਈ ਉਮੀਦ ਨਹੀਂ ਸੀ। ਜਿਸ ਕਰਕੇ ਉਸ ਨੂੰ ਆਪਣਾ ਅੰਤ ਨੇੜੇ ਲਗਦਾ ਸੀ (2 ਤਿਮੋਥਿਉਸ 4:6–8)। ਰੀਤ ਮੁਤਾਬਿਕ ਪੌਲੁਸ ਦਾ ਸਿਰ ਰੋਮ ਦੇ ਪੁਰਾਣੇ ਸ਼ਹਿਰ ਦੇ ਨੇੜੇ ਓਸਟੀਅਨ ਰਾਹ ਤੇ ਧੜ ਨਾਲੋਂ ਅੱਡ ਕਰ ਦਿੱਤਾ ਗਿਆ। ਜੇ ਰੋਮੀ ਸ਼ਹਿਰੀ ਦੇ ਰੂਪ ਵਿਚ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਤਾਂ ਉਸ ਨੂੰ ਸਲੀਬ ਉੱਤੇ ਨਹੀਂ ਚੜ੍ਹਾਇਆ ਜਾਣਾ ਸੀ, ਜਿਵੇਂ ਕਿ ਰੀਤ ਮੁਤਾਬਿਕ ਪਤਰਸ ਨੂੰ ਮਾਰਿਆ ਗਿਆ ਸੀ, ਬਲਕਿ ਤਲਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ ਗਿਆ ਹੋਵੇਗਾ।

ਉਸ ਦੇ ਤੇਰਾਂ ਖ਼ਤਾਂ ਦੇ ਪ੍ਰਭਾਵ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਨਾ ਸਿਰਫ਼ ਮੁੱਢਲੀ ਕਲੀਸੀਆ ਵਿਚ ਪੜ੍ਹਿਆ ਜਾਂਦਾ ਸੀ ਬਲਕਿ ਬਾਅਦ ਦੀਆਂ ਸਭ ਪੀੜ੍ਹੀਆਂ ਵੱਲੋਂ ਵੀ ਉਨ੍ਹਾਂ ਦਾ ਵਿਸ਼ਲੇਸ਼ਣ ਅਤੇ ਅਧਿਐਨ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਪੱਤਰਾਂ ਵਿਚ ਕੁਝ ਮਸੀਹੀ ਵਿਚਾਰ ਅਤੇ ਸਿੱਖਿਆ ਦਾ ਅਧਾਰ ਮਿਲਦਾ ਹੈ। ਸ਼ਾਇਦ ਜੇਲ੍ਹ ਦੀਆਂ ਉਨ੍ਹਾਂ ਪੱਤਰੀਆਂ ਨੇ ਉਸ ਦੀਆਂ ਮਿਸ਼ਨਰੀ ਯਾਤਰਾਵਾਂ ਨਾਲੋਂ ਵੱਧ ਮਸੀਹੀਅਤ ਨੂੰ ਪ੍ਰਭਾਵਿਤ ਕੀਤਾ ਹੈ।

**''... ਰਸੂਲ ਹਾਂ''** (1:1)

**ਰਸੂਲ ਹਾਂ** ਵਾਕ ਅੰਸ਼ ਸਣੇ ਤਿੰਨ ਮਕਸਦ ਪੂਰੇ ਹੁੰਦੇ ਹਨ: ਪਛਾਣ, ਕਿਉਂਕਿ ਪੌਲੁਸ ਆਮ ਪਾਇਆ ਜਾਣ ਵਾਲਾ ਨਾਂਅ ਸੀ। ਰਸੂਲ ਦੇ ਰੂਪ ਵਿਚ ਉਸ ਦੇ ਇਖ਼ਤਿਆਰ ਦੀ ਤਸਦੀਕ; ਅਤੇ ਨਿੱਜੀ ਸਬੰਧ ਕਿਉਂ ਜੋ ਕੁਲੁੱਸੇ ਦੇ ਸਾਰੇ ਲੋਕ ਉਸ ਨੂੰ ਜਾਣਦੇ ਸਨ। ਖ਼ਤ ਦੇ ਕਿਸੇ ਰਸੂਲ ਵੱਲੋਂ ਹੋਣ ਦਾ ਮਤਲਬ ਸੀ ਕਿ ਇਸ ਵਿਚ ਹੋਰ ਪਵਿੱਤਰ ਲਿਖਤਾਂ ਦੇ ਇਖ਼ਤਿਆਰ ਵਾਂਗ ਹੀ ਯਿਸੂ ਦਾ ਇਖ਼ਤਿਆਰ ਹੈ (1 ਕੁਰਿੰਥੀਆਂ 14:37), ਕੁਲੁੱਸੀਆਂ ਦਾ ਇਕ ਇਕ ਸ਼ਬਦ ਖ਼ੁਦਾ ਦਾ ਮੁਕਾਸ਼ਫ਼ਾ ਹੈ। ਪੌਲੁਸ ਨੂੰ ਉਸ ਵੱਲੋਂ ਜਿਸ ਨੇ ਉਸ ਨੂੰ ਭੇਜਿਆ ਸੀ, ਇਖ਼ਤਿਆਰ ਅਤੇ ਸਮਰੱਥਾ ਦਿੱਤੀ ਗਈ ਸੀ। ਉਹ ਸਿਰਫ਼ ਆਪਣੇ ਨਿੱਜੀ ਵਿਚਾਰ ਹੀ ਪੇਸ਼ ਨਹੀਂ ਕਰ ਰਿਹਾ ਸੀ ਬਲਕਿ ਉਹ ਇਖ਼ਤਿਆਰੀ ਢੰਗ ਨਾਲ, ਖ਼ੁਦਾ ਦੀ ਪ੍ਰੇਰਣਾ ਨਾਲ, ਯਿਸੂ ਦੇ ਉਸ ਸੰਦੇਸ਼ ਨੂੰ ਲਿਖ ਰਿਹਾ ਸੀ ਜਿਹੜਾ ਸਿੱਧੇ ਮੁਕਾਸ਼ਫ਼ੇ ਦੇ ਰਾਹੀਂ ਉਸ ਨੂੰ ਦਿੱਤਾ ਗਿਆ ਸੀ (2 ਪਤਰਸ 3:15ਅ, 16)। ਕੁਲੁੱਸੀਆਂ ਨੂੰ ਇਸ ਪੱਤਰ ਨੂੰ ਇਸ ਰੂਪ ਵਿਚ ਕਬੂਲ ਕਰਨਾ ਜ਼ਰੂਰੀ ਸੀ ਜਿਵੇਂ ਉਨ੍ਹਾਂ ਲਈ ਇਹ ਮਸੀਹ ਦਾ ਸੁਨੇਹਾ ਹੋਵੇ।

ਇਸ ਪੱਤਰ ਵਿਚ ਪੌਲੁਸ ਨੇ ਆਪਣੇ ਆਪ ਨੂੰ ਰਸੂਲ ਆਖਿਆ ਪਰ ਆਪਣੇ ਸਭ ਪੱਤਰਾਂ ਵਿਚ ਉਸ ਨੇ ਰਸੂਲ ਹੋਣ ਦੀ ਗੱਲ ਨਹੀਂ ਕੀਤੀ।

> ... ਜਿਨ੍ਹਾਂ ਕਲੀਸੀਆਵਾਂ ਨੂੰ ਲਿਖਦਿਆਂ ਆਪਣੇ ਇਖ਼ਤਿਆਰ ਦਾ ਦਾਅਵਾ ਕਰਨਾ ਜ਼ਰੂਰੀ ਸੀ, ਪੌਲੁਸ ਉੱਥੇ ਰਸੂਲ ਹੋਣ ਦੇ ਆਪਣੇ ਕਮੀਸ਼ਨ ਦਾ ਦਾਅਵਾ ਕਰਦਾ ਹੈ, ਪਰ ਫ਼ਿਲਿੱਪੀਆਂ ਅਤੇ ਥੱਸਲੁਨੀਕੀਆਂ ਦੇ ਨਾਂਅ ਆਪਣੇ ਖ਼ਤ ਵਿਚ ਜਿਨ੍ਹਾਂ ਨਾਲ ਜ਼ਾਹਿਰ ਤੌਰ ਤੇ ਉਸ ਦੀ ਦੋਸਤੀ ਅਤੇ ਰਿਸ਼ਤੇਦਾਰੀ ਸੀ ਆਪਣੇ ਖ਼ਤ ਵਿਚ ਇਸ ਦਾ ਫ਼ਰਕ ਕੱਢ ਦਿੱਤਾ ਹੈ। ਇਸੇ ਤਰ੍ਹਾਂ ਨਾਲ ਫਿਲੇਮੋਨ ਦੇ ਨਾਂਅ ਨਿੱਜੀ ਖ਼ਤ ਵਿਚ ਜਿੱਥੇ ਉਹ ਮਦਦ ਮੰਗ ਰਿਹਾ ਸੀ, ਉਹ ਆਪਣੇ ਅਹੁਦੇ ਦੀ ਵਰਤੋਂ ਨਹੀਂ ਕਰਦਾ। ਇਸ ਦੇ ਉਲਟ ਗਲਾਤੀਆਂ ਦੀਆਂ ਕਲੀਸੀਆਵਾਂ ਦੇ ਨਾਂਅ ਖ਼ਤ ਦੇ ਵਿਚ ਜਿੱਥੇ ਉਸ ਦੇ ਇਖ਼ਤਿਆਰ ਨੂੰ ਚੁਣੌਤੀ ਦਿੱਤੀ ਗਈ ਸੀ ਰਸੂਲ ਹੋਣ ਦੀ ਆਪਣੀ ਹਾਲਤ ਦਾ ਉਸ ਨੇ ਬੇਹੱਦ ਮਜ਼ਬੂਤ ਦਾਅਵਾ ਕੀਤਾ ਹੈ।[5]

ਗਲਾਤੀਆਂ ਦੇ ਨਾਂਅ ਖ਼ਤ ਵਿਚ (ਗਲਾਤੀਆਂ 1:1) ਪੌਲੁਸ ਨੇ ਆਪਣੇ ਰਸੂਲ ਹੋਣ ਦੇ ਮਨੁੱਖਾਂ ਵੱਲੋਂ ਨਹੀਂ ਬਲਕਿ ਖ਼ੁਦਾ ਵੱਲੋਂ ਉਸ ਨੂੰ ਇਖ਼ਤਿਆਰ ਦਿੱਤੇ ਜਾਣ ਦਾ ਦਾਅਵਾ ਕੀਤਾ। ਲਗਦਾ ਹੈ ਕਿ ਕੁਰਿੰਥੀਆਂ ਦੇ ਨਾਂਅ ਖ਼ਤ ਵਿਚ ਪੌਲੁਸ ਨੇ ਆਪਣੇ ਰਸੂਲ ਹੋਣ ਦਾ ਬਚਾਅ ਇਸ ਕਰਕੇ ਕੀਤਾ ਕਿਉਂ ਜੋ ਉਨ੍ਹਾਂ ਨੇ ਉਸ ਦੇ ਰਸੂਲ ਹੋਣ ਤੇ ਸਵਾਲ ਉਠਾਇਆ ਸੀ (1 ਕੁਰਿੰਥੀਆਂ 9:1, 2; 15:9,

10; 2 ਕੁਰਿੰਥੀਆਂ 11:5; 12:11, 12)। ਭਾਵੇਂ ਉਹ ਉਨ੍ਹਾਂ ਬਾਰ੍ਹਾਂ ਵਿੱਚੋਂ ਇਕ ਨਹੀਂ ਸੀ ਪਰ ਉਹ ਹੋਰਨਾਂ ਰਸੂਲਾਂ ਦੇ ਬਰਾਬਰ ਸੀ ਅਤੇ ਉਸ ਨੂੰ ਬਰਾਬਰ ਇਖ਼ਤਿਆਰ ਸੀ।

ਰਸੂਲ ਲਈ ਅੰਗ੍ਰੇਜ਼ੀ ਸ਼ਬਦ ''apostle'' ਯੂਨਾਨੀ ਭਾਸ਼ਾ ਦੇ ਸ਼ਬਦ *apostolos* (ਮੂਲ ਵਿਚ, ''ਘੱਲਿਆ ਹੋਇਆ'') ਦਾ ਬਦਲਵਾਂ ਰੂਪ ਹੈ। ਨਵੇਂ ਨੇਮ ਵਿਚ ਇਸ ਦਾ ਅਰਥ ਘੱਲਣ ਵਾਲੇ ਦੇ ਨਾਂਅ ਵਿਚ, ਉਸ ਦੀ ਤਰਫ਼ੋਂ ਅਤੇ ਉਸ ਦੇ ਇਖ਼ਤਿਆਰ ਨਾਲ ਕੰਮ ਕਰਨ ਲਈ ਦੂਤ ਹੋ ਗਿਆ। ਯਿਸੂ ਮਸੀਹ ਦੇ ਰਸੂਲ ਉਸ ਦੇ ਹੁਕਮਾਂ ਨੂੰ ਸਿਖਾਉਣ ਲਈ ਉਸ ਵੱਲੋਂ ਘੱਲੇ ਗਏ ਲੋਕਾਂ ਦੇ ਰੂਪ ਵਿਚ ਆਪਣੀ ਨਹੀਂ ਬਲਕਿ ਉਸ ਦੀ ਨੁਮਾਇੰਦਗੀ ਕਰਦੇ ਹਨ (ਮੱਤੀ 28:20)।

ਆਮ ਤੌਰ ਤੇ ''ਰਸੂਲ'' ਸ਼ਬਦ ਦੀ ਵਰਤੋਂ ਯਿਸੂ ਦੇ ਬਹੁਤ ਸਾਰੇ ਚੇਲਿਆਂ ਵਿੱਚੋਂ ਚੁਣੇ ਗਏ ਛੋਟੇ ਝੁੰਡ ਭਾਵ ਉਨ੍ਹਾਂ ਬਾਰਾਂ ਚੇਲਿਆਂ ਲਈ ਕੀਤੀ ਜਾਂਦੀ ਹੈ (ਲੂਕਾ 6:13)। ਇਨ੍ਹਾਂ ਨੂੰ ਉਸ ਨੇ ਆਪਣੇ ਖ਼ਾਸ ਨੁਮਾਇੰਦੇ ਬਣਾ ਕੇ ਭੇਜਿਆ ਸੀ। ਆਪਣੇ ਇਖ਼ਤਿਆਰ ਦੇ ਅਧਾਰ ਤੇ ਯਿਸੂ ਨੇ ਦੂਜਿਆਂ ਕੋਲ ਉਸ ਦੀ ਨੁਮਾਇੰਦਗੀ ਕਰਦਿਆਂ ਆਪਣਾ ਕੰਮ ਵਧਾਉਣ ਲਈ ਉਨ੍ਹਾਂ ਨੂੰ ਭੇਜਿਆ (ਮੱਤੀ 10:1–5; 28:18–20)। ਜਿਨ੍ਹਾਂ ਨੇ ਉਨ੍ਹਾਂ ਨੂੰ ਕਬੂਲ ਕੀਤਾ ਉਨ੍ਹਾਂ ਨੇ ਯਿਸੂ ਨੂੰ ਵੀ ਕਬੂਲ ਕੀਤਾ (ਮੱਤੀ 10:40)।

ਯਹੂਦਾ ਵੱਲੋਂ ਯਿਸੂ ਨਾਲ ਵਿਸ਼ਵਾਸਘਾਤ ਕਰਨ ਅਤੇ ਮਰ ਜਾਣ ਦੇ ਬਾਅਦ ਉਸ ਦੀ ਥਾਂ ਮਥਿਆਸ ਨੂੰ ਚੁਣਿਆ ਗਿਆ ਜਿਸ ਨਾਲ ਉਹ ਉਨ੍ਹਾਂ ਬਾਰਾਂ ਵਿੱਚੋਂ ਇਕ ਬਣ ਗਿਆ (ਰਸੂਲਾਂ ਦੇ ਕੰਮ 1:16–26)। ਪੌਲੁਸ ਜੋ ਕਿ ਗੈਰਕੌਮਾਂ ਦਾ ਰਸੂਲ ਹੈ (ਰੋਮੀਆਂ 11:13), ਉਨ੍ਹਾਂ ਬਾਰ੍ਹਾਂ ਵਿੱਚੋਂ ਇਕ ਨਹੀਂ ਸੀ। ਉਹ ਬਾਅਦ ਵਿਚ ''ਇਕ ਅਧੂਰਾ ਜੰਮ'' ਸੀ (1 ਕੁਰਿੰਥੀਆਂ 15:8)।

ਪੌਲੁਸ ਭਾਵੇਂ ਉਨ੍ਹਾਂ ਬਾਰਾਂ ਵਿੱਚੋਂ ਇਕ ਨਹੀਂ ਸੀ ਪਰ ਯਿਸੂ ਦੇ ਨੁਮਾਇੰਦੇ ਦੇ ਰੂਪ ਵਿਚ ਉਸ ਕੋਲ ਵੀ ਉਹੀ ਇਖ਼ਤਿਆਰ ਸੀ। ਨਵੇਂ ਨੇਮ ਦੇ ਨਬੀਆਂ ਦੇ ਨਾਲ ਰਸੂਲ ਕਲੀਸੀਆ ਦੀ ਬੁਨਿਆਦ ਸਨ (ਅਫ਼ਸੀਆਂ 2:20)। ਉਨ੍ਹਾਂ ਨੂੰ ਪਵਿੱਤਰ ਆਤਮਾ ਦੀ ਸਹਾਇਤਾ ਨਾਲ ਯਿਸੂ ਮਸੀਹ ਤੋਂ ਮੁਕਾਸ਼ਫ਼ਾ ਮਿਲਿਆ ਸੀ (ਯੂਹੰਨਾ 14:26; 16:13; ਅਫ਼ਸੀਆਂ 3:5), ਇਸ ਕਰਕੇ ਉਨ੍ਹਾਂ ਨੂੰ ਯਿਸੂ ਦੀ ਸਿੱਖਿਆ ਦੇ ਸਬੰਧ ਵਿਚ ਆਖ਼ਰੀ ਵਚਨ ਪਾਉਣ ਵਾਲਿਆਂ ਦੇ ਰੂਪ ਵਿਚ ਕਬੂਲ ਕੀਤਾ ਜਾਣਾ ਜ਼ਰੂਰੀ ਹੈ (2 ਪਤਰਸ 3:2)। ਮੁੱਢਲੀ ਕਲੀਸੀਆ ਰਸੂਲਾਂ ਦੀ ਕਲੀਸੀਆ ਦੇ ਰੂਪ ਵਿਚ ਬਣੀ ਰਹੀ (ਰਸੂਲਾਂ ਦੇ ਕੰਮ 2:42) ਕਿਉਂ ਜੋ ਇਹ ਉਨ੍ਹਾਂ ਦੇ ਇਖ਼ਤਿਆਰ ਦਾ ਮਾਣ ਕਰਦੀ ਸੀ।

''ਰਸੂਲ'' ਸ਼ਬਦ ਉਨ੍ਹਾਂ ਲਈ ਵੀ ਹੋ ਸਕਦਾ ਹੈ ਜਿਨ੍ਹਾਂ ਨੂੰ ਯਿਸੂ ਮਸੀਹ ਦੇ ਬਾਰਾਂ ਰਸੂਲਾਂ ਦਾ ਅਹੁਦਾ ਨਹੀਂ ਮਲਿਆ ਸੀ। ਕਿਸੇ ਵੀ ਦੂਤ ਨੂੰ ਜਿਵੇਂ ਬਰਨਬਾਸ ਹੈ, ਜਿਸ ਨੂੰ ਅੰਤਾਕੀਆ ਤੋਂ ਭੇਜਿਆ ਗਿਆ ਸੀ (ਰਸੂਲਾਂ ਦੇ ਕੰਮ 13:2–4), ਜਿਸ ਨੂੰ ਵੀ ਭੇਜਿਆ ਗਿਆ ''ਰਸੂਲ'' ਆਖਿਆ ਜਾ ਸਕਦਾ ਸੀ (ਰਸੂਲਾਂ ਦੇ ਕੰਮ 14:4, 14; ਵੇਖੋ 2 ਕੁਰਿੰਥੀਆਂ 8:23; ਫ਼ਿਲਿੱਪੀਆਂ 2:25)। ਬਰਨਬਾਸ ਅੰਤਾਕੀਆ ਦੀ ਕਲੀਸੀਆ ਦਾ ਰਸੂਲ ਸੀ, ਉਹ ਉਨ੍ਹਾਂ ਬਾਰਾਂ ਰਸੂਲਾਂ ਵਿਚ ਨਹੀਂ ਸੀ। ਇਹ ਜ਼ਾਹਿਰ ਹੈ ਕਿ ਉ ਯਰੂਸ਼ਲਮ ਵਿਚ ਉਸ ਨੂੰ ਉਨ੍ਹਾਂ ਤੋਂ ਅੱਡ ਪਛਾਣਿਆ ਜਾਂਦਾ ਸੀ (ਰਸੂਲਾਂ ਦੇ ਕੰਮ 9:27)।

ਜਦ ਪੌਲੁਸ ਮਸੀਹੀ ਲੋਕਾਂ ਨੂੰ ਸਤਾਉਣ ਵਾਸਤੇ ਦਮਿਸ਼ਕ ਨੂੰ ਜਾ ਰਿਹਾ ਸੀ ਤਾਂ ਯਿਸੂ ਨੇ ਉਸ ਨੂੰ ਦਰਸ਼ਣ ਦਿੱਤਾ। ਉਸ ਨੇ ਇਸ ਦਰਸ਼ਣ ਦਾ ਕਾਰਣ ਦੱਸਿਆ: ''ਪਰ ਉੱਠ ਅਤੇ ਆਪਣੇ ਪੈਰਾਂ ਉੱਤੇ ਖਲੋ ਜਾ ਕਿਉਂ ਜੋ ਮੈਂ ਤੈਨੂੰ ਇਸ ਲਈ ਦਰਸ਼ਣ ਦਿੱਤਾ ਹੈ ਕਿ ਉਨ੍ਹਾਂ ਗੱਲਾਂ ਦਾ ਜਿਨ੍ਹਾਂ ਵਿਚ ਤੈਂ ਮੈਨੂੰ ਵੇਖਿਆ ਅਤੇ ਜਿਨ੍ਹਾਂ ਵਿਚ ਮੈਂ ਤੈਨੂੰ ਵਿਖਾਈ ਦਿਆਂਗਾ ਤੈਨੂੰ ਸੇਵਕ ਅਤੇ ਸਾਖੀ ਠਹਿਰਾਵਾਂ'' (ਰਸੂਲਾਂ ਦੇ ਕੰਮ 26:16)। ਇਸ ਦਰਸ਼ਣ ਨਾਲ ਯਿਸੂ ਦਾ ਰਸੂਲ ਹੋਣ ਦੀ ਇਕ ਪੂਰਵ ਸ਼ਰਤ ਪੂਰੀ ਹੋਈ (1 ਕੁਰਿੰਥੀਆਂ 9:1, 2; 15:8) ਕਿ ਉਸ ਨੇ ਜੀ ਉੱਠੇ ਪ੍ਰਭੂ ਨੂੰ ਵੇਖਿਆ ਹੈ (ਰਸੂਲਾਂ ਦੇ ਕੰਮ 1:21, 22; 2:32; 10:40, 41)। ਪੌਲੁਸ ਨੇ ਯਿਸੂ ਵੱਲੋਂ ਨਿੱਜੀ ਤੌਰ ਤੇ ਚੁਣਿਆ ਜਾਣ ਅਤੇ ਮਨੁੱਖਾਂ ਵੱਲੋਂ ਨਹੀਂ ਬਲਕਿ ਖ਼ੁਦਾ ਵੱਲੋਂ ਇਸ ਅਹੁਦੇ ਤੇ ਠਹਿਰਾਏ ਜਾਣ ਦੀਆਂ ਹੋਰ ਸ਼ਰਤਾਂ ਨੂੰ ਪੂਰਿਆਂ

ਕਰ ਦਿੱਤਾ (2 ਕੁਰਿੰਥੀਆਂ 1:1; ਗਲਾਤੀਆਂ 1:1; ਅਫ਼ਸੀਆਂ 1:1; 2 ਤਿਮੋਥਿਉਸ 1:1)।

ਪੌਲੁਸ ਦੇ ਰਸੂਲ ਹੋਣ ਦੀ ਤਸਦੀਕ ਉਸ ਵੱਲੋਂ ਵਿਖਾਏ ਗਏ ਨਿਸ਼ਾਨਾਂ, ਅਚੰਭਿਆਂ ਅਤੇ ਮੋਅਜਜ਼ਿਆਂ ਦੇ ਰਾਹੀਂ ਹੋਈ ਸੀ (2 ਕੁਰਿੰਥੀਆਂ 12:12; ਰੋਮੀਆਂ 15:18, 19 ਵੀ ਵੇਖੋ)। ਇਹ ਤੱਥ ਕਿ ਕੁਰਿੰਥੁਸ ਦੀ ਕਲੀਸੀਆ ਨੂੰ ਮੋਅਜਜ਼ੇ ਕਰਨ ਦੇ ਦਾਨ ਮਿਲੇ ਸਨ ਇਸ ਗੱਲ ਦਾ ਸਬੂਤ ਸੀ ਕਿ ਉਹ ਰਸੂਲ ਹੈ (1 ਕੁਰਿੰਥੀਆਂ 12:8–11)। ਕੁਰਿੰਥੁਸ ਦੀ ਕਲੀਸੀਆ ਵਿਚ ਪਾਏ ਜਾਣ ਵਾਲੇ ਹੋਰ ਦਾਨਾਂ ਵਾਂਗ ਆਤਮਾ ਦੇ ਦਾਨ ਰਸੂਲਾਂ ਦੇ ਹੱਥ ਰੱਖਣ ਨਾਲ ਦਿੱਤੇ ਜਾਂਦੇ ਸਨ (ਰਸੂਲਾਂ ਦੇ ਕੰਮ 8:17, 18; 19:6)।

ਦਮਿਸ਼ਕ ਦੇ ਰਾਹ ਤੇ ਪੌਲੁਸ ਨੂੰ ਦਰਸ਼ਣ ਦਿੰਦਿਆਂ ਯਿਸੂ ਨੇ ਉਸ ਨੂੰ ਆਖਿਆ ਸੀ ਕਿ ਉਹ ਸ਼ਹਿਰ ਵਿਚ ਜਾਵੇ ਜਿੱਥੇ ਉਸ ਨੂੰ ਦੱਸ ਦਿੱਤਾ ਜਾਵੇਗਾ ਕਿ ਉਹ ਕੀ ਕਰੇ (ਰਸੂਲਾਂ ਦੇ ਕੰਮ 9:6) । ਯਿਸੂ ਵੱਲੋਂ ਘੱਲੇ ਗਏ ਹਨੱਨਯਾਹ ਨੇ ਪੌਲੁਸ ਨੂੰ ਆਖਿਆ, ''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਰਸੂਲਾਂ ਦੇ ਕੰਮ 22:16)। ਪੌਲੁਸ ਦੇ ਪਾਪ ਉਦੋਂ ਤਕ ਨਹੀਂ ਧੋਤੇ ਗਏ ਸਨ ਜਦ ਤਕ ਉਹ ਨੇ ਬਪਤਿਸਮਾ ਨਹੀਂ ਲਿਆ ਸੀ। ਇਸ ਦੇ ਬਾਅਦ ਉਸ ਨੇ ਹੋਰ ਰਸੂਲਾਂ ਵਿੱਚੋਂ ਕਿਸੇ ਨਾਲੋਂ ਵੀ ਵਧ ਕੇ ਮਿਹਨਤ ਕੀਤੀ (1 ਕੁਰਿੰਥੀਆਂ 15:10)।

**''ਮਸੀਹ ਯਿਸੂ ਦਾ''** (1:1)

ਪੌਲੁਸ ਨੇ ਲਿਖਿਆ ਕਿ ਉਹ **ਮਸੀਹ ਯਿਸੂ ਦਾ** ਰਸੂਲ ਹੈ। ''ਯਿਸੂ'' ਯੂਨਾਨੀ ਭਾਸ਼ਾ ਦੇ *Iēsous* ਨਾਂਅ ਤੋਂ ਲਿਆ ਗਿਆ ਸੀ। ਇਹ ਇਬਰਾਨੀ ਭਾਸ਼ਾ ਦੇ *Y^ehoshua´* ਦੇ ਬਰਾਬਰ ਹੈ। *Yeh oshua* ਦੇ ਇਸ ਮੇਲ ਦਾ ਜਿਸਦਾ ਅਨੁਵਾਦ ਪੁਰਾਣੇ ਨੇਮ ਵਿਚ ਯਹੋਸ਼ੁਆ (ਕੂਚ 17:9) ਕੀਤਾ ਗਿਆ ਹੈ, ਅਰਥ ਹੈ ''ਖ਼ੁਦਾ ਮੁਕਤੀ ਹੈ'' ਜਾਂ ''ਖ਼ੁਦਾ ਬਚਾਉਂਦਾ ਹੈ।'' *Yeh* ਜਾਂ *Yah* ਖ਼ੁਦਾ ਦੇ ਨਾਂਅ ''ਯਾਹਵੇਹ'' ਦਾ ਇਕ ਛੋਟਾ ਰੂਪ ਹੈ ਜਿਸ ਨੂੰ ਇਸਰਾਏਲੀ ਜਾਣਦੇ ਸਨ। ਇਬਰਾਨੀ ਸ਼ਬਦ *yasha´* ਦਾ ਅਰਥ ਹੈ ''ਬਚਾਉਂਦਾ ਹੈ।'' ਫ਼ਰਿਸ਼ਤੇ ਨੇ ਯਿਸੂ ਦੇ ਸਬੰਧ ਵਿਚ ਯੂਸੁਫ਼ ਨੂੰ ਆਖਿਆ ਸੀ, ''ਅਤੇ ਉਹ ਪੁੱਤਰ ਜਣੇਗੀ ਅਤੇ ਤੂੰ ਉਹਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ'' (ਮੱਤੀ 1:21)। ਉਸ ਨੂੰ ''ਯਿਸੂ'' ਜਾਂ ''ਖ਼ੁਦਾ ਬਚਾਉਂਦਾ ਹੈ'' ਸਹੀ ਹੀ ਆਖਿਆ ਗਿਆ ਹੈ। ਰਸੂਲਾਂ ਦੇ ਕੰਮ 4:12 ਵਿਚ ਪਤਰਸ ਨੇ ਆਖਿਆ, ''ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।''

ਇਬਰਾਨੀ ਸ਼ਬਦ *mashiach* (''ਮਸੀਹਾ'') ਵਾਂਗ ''Christ'' (*Christos*) ਜਾਂ ''ਖ਼੍ਰਿਸਟੁਸ ਵਾਂਗ'' ਹੈ ਜਿਸ ਦਾ ਅਰਥ ਹੈ ''ਚੁਣਿਆ ਹੋਇਆ'' ਜਾਂ ਮਸਹ ਕੀਤਾ ਹੋਇਆ। ''ਖ੍ਰਿਸਟੁਸ'' ਅਤੇ ''ਮਸੀਹਾ'' ਰੁਤਬੇ ਹਨ ਨਾ ਕਿ ਕਿਸੇ ਦੇ ਨਾਂਅ। ਪੁਰਾਣੇ ਨੇਮ ਵਿਚ ਲੋਕਾਂ ਨੂੰ ਯਾਜਕ (ਕੂਚ 28:41), ਰਾਜਾ (1 ਸਮੂਏਲ 15:1), ਅਤੇ ਨਬੀ (1 ਰਾਜਿਆਂ 19:16) ਦੇ ਰੂਪ ਵਿਚ ਚੁਣਿਆ ਜਾਂ ਮਸਹ ਕੀਤਾ ਜਾਂਦਾ ਸੀ। ਯਿਸੂ ਨੂੰ ਇਹ ਤਿੰਨੇ ਰੁਤਬੇ ਮਿਲੇ ਹਨ (ਮੱਤੀ 13:57; ਯੂਹੰਨਾ 18:37; ਇਬਰਾਨੀਆਂ 3:1)। ਉਸ ਨੂੰ ਇਨ੍ਹਾਂ ਰੁਤਬਿਆਂ ਉੱਤੇ ਖ਼ੁਦਾ ਵੱਲੋਂ ਮਸਹ ਕੀਤਾ ਗਿਆ ਹੈ (ਲੂਕਾ 4:18)।

ਯਿਸੂ ਦੀ ਹਕੂਮਤ ਅਤੇ ਯਾਜਕਾਈ ਧਰਤੀ ਤੋਂ ਨਹੀਂ ਬਲਕਿ ਸੁਰਗ ਤੋਂ ਹਨ: ''ਜੇ ਉਹ ਧਰਤੀ ਉੱਤੇ ਹੁੰਦਾ ਤਾਂ ਯਾਜਕ ਹੁੰਦਾ ਹੀ ਨਾ ...'' (ਇਬਰਾਨੀਆਂ 8:4)। ਯਿਸੂ ਖ਼ੁਦਾ ਦੇ ਤਖ਼ਤ ਦੇ ਸੱਜੇ ਹੱਥ ਸੁਰਗ ਵਿਚ ਹੈ (ਇਬਰਾਨੀਆਂ 8:1), ਜਿੱਥੇ ਉਹ ਹੁਣ ਹਰ ਚੀਜ਼ ਉੱਤੇ ਹਕੂਮਤ ਕਰਦਾ ਹੈ (ਅਫ਼ਸੀਆਂ 1:20–22; 1 ਪਤਰਸ 3:22)। ਜ਼ਕਰਯਾਹ ਨਬੀ ਨੇ ਲਿਖਿਆ ਹੈ, ''ਉਹ ਸ਼ਾਨ

ਵਾਲਾ ਹੋਵੇਗਾ ਅਤੇ ਉਹ ਆਪਣੇ ਸਿੰਘਾਸਣ ਉੱਤੇ ਬੈਠ ਕੇ ਹਕੂਮਤ ਕਰੇਗਾ ਅਤੇ ਇਕ ਯਾਜਕ ਵੀ ਆਪਣੇ ਸਿੰਘਾਸਣ ਉੱਤੇ ਹੋਵੇਗਾ ਅਤੇ ਦੋਹਾਂ ਦੇ ਵਿਚ ਸ਼ਾਂਤੀ ਦੇ ਮਤੇ ਹੋਣਗੇ'' (ਜ਼ਕਰਯਾਹ 6:13)। ਯਿਸੂ ਯਾਜਕ ਦੇ ਰੂਪ ਵਿਚ ਆਪਣੀ ਹਕੂਮਤ ਅਤੇ ਅਹੁਦੇ ਤੇ ਆਪਣੀ ਵਾਪਸੀ ਤਕ ਬਣਿਆ ਰਹੇਗਾ, ਜਿਹੜਾ ਉਸ ਨੂੰ ਖ਼ੁਦਾ ਦੇ ਸੱਜੇ ਹੱਥ ਉੱਚਾ ਕੀਤੇ ਜਾਣ ਸਮੇਂ ਮਿਲਿਆ ਸੀ। ਉਸ ਵਕਤ ਉਹ ਆਪਣੀ ਹਕੂਮਤ ਛੱਡ ਦਵੇਗਾ (1 ਕੁਰਿੰਥੀਆਂ 15:22–28)। ਉਸ ਦਾ ਕੋਈ ਦੁਨਿਆਵੀ ਰਾਜ ਜਾਂ ਯਾਜਕਾਈ ਨਹੀਂ ਹੋਵੇਗੀ।

''ਯਿਸੂ ਮਸੀਹ'' ਦਾ ਨਾਂਅ ਅਤੇ ਰੁਤਬਾ ਪੌਲੁਸ ਦੇ ਲੇਖਾਂ ਵਿਚ ਉਨਾਸੀ ਵਾਰ ਮਿਲਦਾ ਹੈ। ਇਸ ਦੀ ਉਲਟੀ ਤਰਤੀਬ ''ਮਸੀਹ ਯਿਸੂ'' ਦੀ ਵਰਤੋਂ ਨੱਬੇ ਵਾਰ ਹੋਈ ਹੈ। ਯਿਸੂ ਨੂੰ ਪਹਿਲਾਂ ਲਿਆਇਆ ਜਾਣਾ ਮਸੀਹ ਦੇ ਮੁਕਤੀਦਾਤੇ ਦੇ ਰੂਪ ਵਿਚ ਉਸ ਦੀ ਪਛਾਣ ਉੱਤੇ ਜ਼ੋਰ ਦਿੰਦਾ ਹੈ। ਮਸੀਹ ਖ੍ਰਿਸਟੁਸ, ਮੁਕਤੀਦਾਤੇ ਦੇ ਰੂਪ ਵਿਚ ਉਸ ਦੇ ਅਹੁਦੇ ਉੱਤੇ ਜ਼ੋਰ ਦਿੰਦਾ ਹੈ। ਸ਼ਾਇਦ ਤਰਤੀਬ ਵਿਚ ਫ਼ਰਕ ਤੇ ਬਹੁਤਾ ਜ਼ੋਰ ਦੇਣ ਦੀ ਲੋੜ ਨਹੀਂ ਹੈ।

**''ਪਰਮੇਸ਼ੁਰ ਦੀ ਇੱਛਿਆ ਤੋਂ''** (1:1)

**ਪਰਮੇਸ਼ੁਰ ਦੀ ਇੱਛਿਆ ਤੋਂ** ਸ਼ਬਦਾਂ ਦੀ ਵਰਤੋਂ ਕਰਦਿਆਂ ਪੌਲੁਸ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਖ਼ੁਦਾ ਨੇ ਉਸ ਨੂੰ ਰਸੂਲ ਹੋਣ ਲਈ ਚੁਣਿਆ। ਰਸੂਲ ਹੋਣ ਲਈ ਉਹ ਨਾ ਤਾਂ ਆਪਣੇ ਆਪ ਚੁਣਿਆ ਗਿਆ ਅਤੇ ਨਾ ਹੀ ਮਨੁੱਖਾਂ ਵੱਲੋਂ ਉਸ ਨੂੰ ਠਹਿਰਾਇਆ ਗਿਆ ਸੀ। ਇਹ ਅਹਿਮ ਹੈ ਕਿਉਂ ਜੋ ਝੂਠੇ, ਆਪੇ ਬਣੇ ਰਸੂਲ ਧੋਖਾ ਦੇਣ ਵਿਚ ਸਰਗਰਮ ਸਨ (2 ਕੁਰਿੰਥੀਆਂ 11:13)। ਪੌਲੁਸ ਅਸਲ ਰਸੂਲ ਸੀ ਜਿਸ ਨੂੰ ਯਿਸੂ ਦੇ ਮੁਕਾਸ਼ਫ਼ੇ ਦੇ ਰਾਹੀਂ ਇਹ ਜ਼ਿੰਮੇਵਾਰੀ ਸੌਂਪੀ ਗਈ ਸੀ। ਉਹ ਖ਼ੁਦਾ ਦੇ ਫ਼ਜ਼ਲ ਨਾਲ ਬਣਿਆ ਰਸੂਲ ਸੀ ਨਾ ਕਿ ਆਪਣੀ ਕਿਸੇ ਖ਼ੂਬੀ ਜਾਂ ਕਿਸੇ ਮਨੁੱਖ ਦੀ ਪਸੰਦ ਨਾਲ (1 ਕੁਰਿੰਥੀਆਂ 15:10)।

''ਪਰਮੇਸ਼ੁਰ ਦੀ ਇੱਛਿਆ *[thelēma]* ਪੂਰੇ ਇਤਿਹਾਸ ਦੀਆਂ ਮੁੱਖ ਘਟਨਾਵਾਂ ਦੀ ਖ਼ਾਸ ਗੱਲ ਹੈ। ਇਸ ਤੱਥ ਦਾ ਕਿ ਕੋਈ ਗੱਲ ਖ਼ੁਦਾ ਦੀ ਇੱਛਿਆ ਨਾਲ ਹੋ ਰਹੀ ਹੈ ਮਤਲਬ ਇਹ ਨਹੀਂ ਹੈ ਕਿ ਉਸ ਨੇ ਇਸ ਨੂੰ ਕਰਵਾਇਆ। ਜਦ ਲੋਕ ਉਹ ਕਰਦੇ ਹਨ ਜੋ ਸਹੀ ਹੁੰਦਾ ਹੈ ਅਤੇ ਖ਼ੁਦਾ ਦੀ ਗੱਲ ਮੰਨਦੇ ਹਨ ਤਾਂ ਉਹ ਉਸ ਦੀ ਇੱਛਿਆ ਪੂਰੀ ਕਰ ਰਹੇ ਹੁੰਦੇ ਹਨ (1 ਯੂਹੰਨਾ 3:22)। ਉਹ ਸਾਨੂੰ ਆਪਣੀ ਇਛਿਆ ਪੂਰੀ ਕਰਨ ਲਈ ਮਜਬੂਰ ਨਹੀਂ ਕਰਦਾ। ਬਲਕਿ ਅਸੀਂ ਜਦੋਂ ਆਪਣੇ ਆਪ ਨੂੰ ਉਸ ਦੀ ਸੇਵਾ ਵਿਚ ਦੇ ਦਿੰਦੇ ਹਾਂ ਤਾਂ ਉਹ ਸਾਡੇ ਲਈ ਕੰਮ ਕਰਦਾ ਹੈ (ਰੋਮੀਆਂ 15:32; 2 ਕੁਰਿੰਥੀਆਂ 8:5; ਫ਼ਿਲਿੱਪੀਆਂ 2:13)।

ਖ਼ੁਦਾ ਨੇ ਜਿਵੇਂ ਹੋਰ ਮਹਾਨ ਲੋਕਾਂ ਨੂੰ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਚੁਣਿਆ ਸੀ (ਨਿਆਈਆਂ 13:5; ਯਸਾਯਾਹ 49:1; ਯਿਰਮਿਯਾਹ 1:5; ਲੂਕਾ 1:13–17), ਉਵੇਂ ਹੀ ਉਸ ਨੇ ਪੌਲੁਸ ਨੂੰ ਉਸ ਦੇ ਪੈਦਾ ਹੋਣ ਤੋਂ ਪਹਿਲਾਂ ਰਸੂਲ ਹੋਣ ਲਈ ਚੁਣ ਲਿਆ। ਪੌਲੁਸ ਲਿਖਦਾ ਹੈ ਕਿ ਖ਼ੁਦਾ ਨੇ ''ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ ਅਤੇ ਆਪਣੀ ਕਿਰਪਾ ਨਾਲ ਸੱਦਿਆ'' (ਗਲਾਤੀਆਂ 1:15)।

ਪੌਲੁਸ ਦੇ ਇਹ ਕਹਿਣ ਤੋਂ ਕਿ ਉਹ ''ਪਰਮੇਸ਼ੁਰ ਦੀ ਇਛਿਆ'' ਤੋਂ ਰਸੂਲ ਸੀ, ਅਤੇ ਇਹ ਕਹਿਣ ਨਾਲ ਕਿ ਉਸ ਨੂੰ ਖ਼ਾਸ ਗਵਾਹ ਬਣਨ ਲਈ ਯਿਸੂ ਵੱਲੋਂ ਠਹਿਰਾਇਆ ਗਿਆ ਸੀ, ਕੋਈ ਪਰੇਸ਼ਾਨੀ ਨਹੀਂ ਹੈ (ਰਸੂਲਾਂ ਦੇ ਕੰਮ 26:16)। ਯਿਸੂ ਵੱਲੋਂ ਪੌਲੁਸ ਨੂੰ ਠਹਿਰਾਉਣਾ ਪਿਤਾ ਦੀ ਇੱਛਿਆ ਦੇ ਅਨੁਸਾਰ ਹੀ ਹੋਵੇਗਾ ਕਿਉਂ ਜੋ ਯਿਸੂ ਓਸੇ ਦੀ ਇਛਾ ਨੂੰ ਪੂਰਾ ਕਰਨ ਲਈ ਆਇਆ ਸੀ (ਯੂਹੰਨਾ 5:30)।

**''ਨਾਲੇ ਸਾਡਾ ਭਰਾ ਤਿਮੋਥਿਉਸ''** (1: 1)

ਨਵੇਂ ਨੇਮ ਦੇ ਇਕ ਅਹਿਮ ਵਿਅਕਤੀ ਦੇ ਰੂਪ ਵਿਚ ''ਤਿਮੋਥਿਉਸ'' ਦੇ ਰੂਪ ਵਿਚ ਨਾਂਅ ਚੌਵੀ ਵਾਰ ਆਇਆ ਹੈ। ਆਇਤ 1 ਵਿਚ ਪੌਲੁਸ ਨੇ ਕਿਹਾ ਕਿ ਤਿਮੋਥਿਉਸ ਨੇ ਸਲਾਮ ਭੇਜਿਆ ਹੈ ਜੋ ਕਿ ਸੰਭਵ ਤੌਰ ਤੇ ਇਸ ਗੱਲ ਦਾ ਸੰਕੇਤ ਸੀ ਕਿ ਤਿਮੋਥਿਉਸ ਕੁਲੁੱਸੇ ਵਿਚ ਕੁਝ ਜਣਿਆਂ ਨੂੰ ਜਾਣਦਾ ਸੀ। ਪੌਲੁਸ ਨੇ 2 ਕੁਰਿੰਥੀਆਂ, ਫ਼ਿਲਿੱਪੀਆਂ, ਕੁਲੁੱਸੀਆਂ, 1 ਥੱਸਲੁਨੀਕੀਆਂ, 2 ਥੱਸਲੁਨੀਕੀਆਂ ਅਤੇ ਫਿਲੇਮੋਨ ਵਿਚ ਸ਼ੁਰੂਆਤੀ ਸਲਾਮ ਵਿਚ ਉਸ ਨੂੰ ਸ਼ਾਮਿਲ ਕੀਤਾ। ਉਸ ਦੇ ਨਾਂਅ ਦਾ ਹੋਣਾ ਇਹ ਸੁਝਾਅ ਦਿੰਦਾ ਹੈ ਕਿ ਖ਼ਤ ਲਿਖੇ ਜਾਣ ਵੇਲੇ ਉਹ ਪੌਲੁਸ ਦੇ ਨਾਲ ਸੀ। ਅਫ਼ਸੀਆਂ ਨੂੰ ਲਿਖਦਿਆਂ ਪੌਲੁਸ ਨੇ ਉਸ ਦੇ ਨਾਂਅ ਦਾ ਜ਼ਿਕਰ ਨਹੀਂ ਕੀਤਾ, ਭਾਵੇਂ ਉਹ ਦੀ ਜੇਲ੍ਹ ਦੀਆਂ ਹੋਰ ਪੱਤਰੀਆਂ ਵਾਂਗ ਇਹ ਪੱਤਰੀ ਵੀ ਓਸੇ ਸਮੇਂ ਲਿਖੀ ਗਈ ਲਗਦੀ ਹੈ।

''ਤਿਮੋਥਿਉਸ'' (*Timotheos*) ਦਾ ਅਰਥ ''ਖ਼ੁਦਾ ਦਾ ਆਦਰ ਕਰਨਾ'' ਜਾਂ ''ਜਿਹੜਾ ਖ਼ੁਦਾ ਨੂੰ ਆਦਰ ਦਿੰਦਾ ਹੈ।'' ਤਿਮੋਥਿਉਸ ਦਾ ਪਿਤਾ ਯੂਨਾਨੀ ਸੀ ਜਦ ਕਿ ਉਸ ਦੀ ਮਾਤਾ ਯੂਨੀਕੇ ਇਕ ਵਿਸ਼ਵਾਸੀ ਯਹੂਦਣ ਸੀ (ਰਸੂਲਾਂ ਦੇ ਕੰਮ 16: 1)। ਉਸ ਦੀ ਨਾਨੀ ਲੁਈਸ ਦੇ ਨਾਲ ਉਸ ਦੀ ਮਾਂ ਨੇ ਉਸ ਨੂੰ ਪਵਿੱਤਰ ਲਿਖਤ ਦੀ ਸਿੱਖਿਆ ਉਸ ਦੇ ਬਚਪਨ ਤੋਂ ਹੀ ਦਿੱਤੀ ਸੀ ਅਤੇ ਉਸ ਦੀ ਧਾਰਮਿਕ ਜ਼ਿੰਦਗੀ ਨੂੰ ਜਿਸ ਨਾਲ ਉਸ ਦੀ ਧਾਰਮਿਕ ਜ਼ਿੰਦਗੀ ਬੜੀ ਪਰਭਾਵਿਤ ਹੋਈ ਸੀ (2 ਤਿਮੋਥਿਉਸ 1:5; 3: 15)। ਪੌਲੁਸ ਨੇ ਉਸ ਨੂੰ ਯਿਸੂ ਦਾ ਵਚਨ ਦੱਸਿਆ ਸੀ ਅਤੇ ਸਿਖਾਉਣ, ਜ਼ਿੰਦਗੀ ਜੀਣ ਅਤੇ ਸਤਾਅ ਵਿਚ ਕਾਇਮ ਰਹਿਣ ਵਿਚ ਉਹਦੇ ਲਈ ਆਦਰਸ਼ ਸੀ (2 ਤਿਮੋਥਿਉਸ 2:2; 3: 10, 11, 14)। ਇਸ ਤੱਥ ਦਾ ਕਿ ਪੌਲੁਸ ਨੇ ਉਸ ਨੂੰ ''ਹੇ ਪੁੱਤਰ'' ਆਖਿਆ (1 ਤਿਮੋਥਿਉਸ 1: 18; 2 ਤਿਮੋਥਿਉਸ 1:2; 2: 1)। ਮਤਲਬ ਇਹ ਹੋ ਸਕਦਾ ਹੈ ਕਿ ਪੌਲੁਸ ਨੇ ਉਸ ਨੂੰ ਬਪਤਿਸਮਾ ਦਿੱਤਾ ਹੋਵੇ। ਤਿਮੋਥਿਉਸ ਲੁਸਤਰਾ ਦਾ ਰਹਿਣ ਵਾਲਾ ਸੀ, ਇਸ ਕਰਕੇ ਉਸ ਨੇ ਪੌਲੁਸ ਨੂੰ ਉਸ ਦੀ ਪਹਿਲੀ ਮਿਸ਼ਨਰੀ ਯਾਤਰਾ ਦੌਰਾਨ ਉਸ ਉੱਤੇ ਪਥਰਾਅ ਹੁੰਦਿਆਂ ਵੇਖਿਆ ਹੋ ਸਕਦਾ ਹੈ (ਰਸੂਲਾਂ ਦੇ ਕੰਮ 14: 19; 2 ਤਿਮੋਥਿਉਸ 3: 11)।

ਤਿਮੋਥਿਉਸ ਦੇ ਨਾਂਅ ਦਾ ਹੋਣਾ ਕਿਸੇ ਵੀ ਤਰ੍ਹਾਂ ਇਹ ਅਰਥ ਨਹੀਂ ਦਿੰਦਾ ਕਿ ਉਸ ਨੇ ਪੌਲੁਸ ਨੂੰ ਖ਼ਤ ਲਿਖਣ ਵਿਚ ਮਦਦ ਕੀਤੀ ਹੋਵੇ। ਤਿਮੋਥਿਉਸ ਨੇ ਪੌਲੁਸ ਤੋਂ ਸਿੱਖਿਆ ਪਾਈ ਸੀ ਨਾ ਕਿ ਪੌਲੁਸ ਨੇ ਤਿਮੋਥਿਉਸ ਤੋਂ (2 ਤਿਮੋਥਿਉਸ 2:2)। ਆਪਣੀ ਪਛਾਣ ਰਸੂਲ ਦੇ ਰੂਪ ਵਿਚ ਦੱਸ ਕੇ ਅਤੇ ਆਪਣੇ ਆਪ ਨੂੰ ਰਸੂਲ ਹੋਣ ਅਤੇ ਤਿਮੋਥਿਉਸ ਦੇ ਰਸੂਲ ਨਾ ਹੋਣ ਦਾ ਸੰਕੇਤ ਦੇ ਕੇ ਪੌਲੁਸ ਨੇ ਇਸ ਅਹੁਦੇ ਵਿਚ ਆਪਣੇ ਆਪ ਨੂੰ ਬਿਲਕੁਲ ਅੱਡ ਕੀਤਾ। ਤਿਮੋਥਿਉਸ ਨੂੰ ਉਹੀ ਇਖ਼ਤਿਆਰ ਨਹੀਂ ਸੀ ਮਿਲਿਆ ਜਿਹੜਾ ਪੌਲੁਸ ਨੂੰ ਮਿਲਿਆ ਸੀ।

ਫ਼ਿਲਿੱਪੀਆਂ ਅਤੇ ਫਿਲੇਮੋਨ ਵਿਚ ਪੌਲੁਸ ਵੱਲੋਂ ਲਿਖੇ ਸੰਦੇਸ਼ ਵਿਚ ਪਹਿਲੀ ਆਇਤ ਵਿਚ ਸ਼ਾਮਿਲ ਕੀਤੇ ਜਾਣ ਦੇ ਬਾਅਦ ਤਿਮੋਥਿਉਸ ਦਾ ਜ਼ਿਕਰ ਨਹੀਂ ਹੈ। ਪਰ ਕੁਲੁੱਸੀਆਂ ਦੇ ਨਾਂਅ ਖ਼ਤ ਦੀ ਜਾਣ ਪਛਾਣ ਵਿਚ ਪੌਲੁਸ ਨੇ ''ਅਸੀਂ'' ਦੀ ਵਰਤੋਂ ਜਾਰੀ ਰੱਖੀ ਜਿਹੜੀ ਆਇਤ 9 ਤਕ ਤਿਮੋਥਿਉਸ ਨੂੰ ਸ਼ਾਮਿਲ ਕਰਦੀ ਹੈ। ਆਇਤ 13 ਵਿਚ ''ਸਾਨੂੰ'' ਦਾ ਅਰਥ ਪੌਲੁਸ ਅਤੇ ਤਿਮੋਥਿਉਸ ਦੇ ਨਾਅ ਕੁਲੁੱਸੇ ਦੇ ਲੋਕ ਵੀ ਹੈ। ਆਇਤ 23 ਵਿਚ ਵਿਅਕਤੀਵਾਚਕ ਪੜਨਾਉਂ ''ਮੈਂ'' ਦੀ ਵਰਤੋਂ ਕਰਨ ''ਲੱਗਾ'' ਪੌਲੁਸ ਦੇ ਖ਼ਤ ਵਿਚ ਬਾਅਦ ਵਿਚ ''ਅਸੀਂ'' ਦੀ ਵਰਤੋਂ ਕਰਦਿਆਂ ਤਿਮੋਥਿਉਸ ਨੂੰ ਸ਼ਾਮਿਲ ਕੀਤਾ ਗਿਆ ਹੋ ਸਕਦਾ ਹੈ (ਕੁਲੁੱਸੀਆਂ 1:28; 4:3); ਪਰ ਇਕ ਸੰਪਾਦਕੀ ਅਰਥ ਵਿਚ ਸਿਰਫ਼ ਆਪਣੀ ਗੱਲ ਕਰਦਿਆਂ ਪੌਲੁਸ ਨੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਹੋ ਸਕਦੀ ਹੈ।

ਇਸ ਸੰਦਰਭ ਵਿਚ ਕਿ ''ਉਹਦੇ ਸਮਾਨ ਮੇਰੇ ਕੋਲ ਹੋਰ ਕੋਈ ਨਹੀਂ ਜੋ ਸੱਚੇ ਦਿਲ ਨਾਲ ਤੁਹਾਡੇ ਲਈ ਚਿੰਤਾ ਕਰੇ'' (ਫ਼ਿਲਿੱਪੀਆਂ 2:20) ਵਿਚ ਤਿਮੋਥਿਉਸ ਲਈ ਪੌਲੁਸ ਦੇ ਮਨ ਵਿਚ ਬੇਹੱਦ

ਇੱਜ਼ਤ ਦਾ ਪਤਾ ਲਗਦਾ ਹੈ। ਇਸ ਨੂੰ ਦੋ ਤਰ੍ਹਾਂ ਨਾਲ ਲਿਆ ਜਾ ਸਕਦਾ ਹੈ। ਜਾਂ ਤਾਂ ਹੋਰ ਕੋਈ ਨਹੀਂ ਸੀ ਜਿਹੜਾ ਸਾਥੀ ਮਸੀਹੀ ਲੋਕਾਂ ਲਈ ਪੌਲੁਸ ਦੇ ਨਾਲ ਉਨੀ ਹੀ ਫ਼ਿਕਰ ਕਰਨ ਵਾਲਾ ਹੋਵੇ, ਜਾਂ ਫ਼ਿਲਿੱਪੀਆਂ ਦੀ ਹੋਰ ਕਿਸੇ ਨੂੰ ਐਨੀਂ ਚਿੰਤਾ ਨਹੀਂ ਸੀ ਜਿੰਨੀ ਤਿਮੋਥਿਉਸ ਨੂੰ ਸੀ। ਪੌਲੁਸ ਦੀ ਗੱਲ ਦਾ ਮਤਲਬ ਸੰਭਵ ਤੌਰ ਤੇ ਪੌਲੁਸ ਦੇ ਮਨ ਵਿਚਲੀ ਬਾਅਦ ਵਾਲੀ ਗੱਲ ਸੀ।

ਅੰਤਾਕੀਆ ਵਿਚ ਦੂਜੀ ਮਿਸ਼ਨਰੀ ਯਾਤਰਾ ਤੇ ਉਨ੍ਹਾਂ ਮੰਡਲੀਆਂ ਵਿਚ ਦੋਬਾਰਾ ਜਾਣ ਲਈ ਜਿਨ੍ਹਾਂ ਦੀ ਸ਼ੁਰੂਆਤ ਉਨ੍ਹਾਂ ਨੇ ਆਪਣੀ ਪਹਿਲੀ ਮਿਸ਼ਨਰੀ ਯਾਤਰਾ ਦੌਰਾਨ ਕੀਤੀ ਸੀ, ਆਪਣੇ ਨਾਲ ਬਰਨਬਾਸ ਦੇ ਭਰਾ ਮਰਕੁਸ ਨੂੰ ਲੈਣ ਜਾਂ ਨਾ ਲੈਣ ਤੇ ਪੌਲੁਸ ਅਤੇ ਬਰਨਬਾਸ ਵਿਚਕਾਰ ਝਗੜਾ ਹੋਇਆ ਸੀ। ਇਸ ਦਾ ਨਤੀਜਾ ਇਹ ਹੋਇਆ ਸੀ ਕਿ ਬਰਨਬਾਸ ਮਰਕੁਸ ਨੂੰ ਲੈ ਕੇ ਕੁਪਰੁਸ ਨੂੰ ਚਲਿਆ ਗਿਆ ਸੀ ਜਦ ਕਿ ਪੌਲੁਸ ਸੀਲਾਸ ਨੂੰ ਲੈ ਕੇ ਸੁਰੀਆ ਅਤੇ ਕਿਲਿਕਿਆ ਵਿੱਚੋਂ ਦੀ ਗਿਆ ਸੀ (ਰਸੂਲਾਂ ਦੇ ਕੰਮ 15:36–41)। ਲੁਸਤਰਾ ਵਿਚ ਪਹੁੰਚ ਕੇ ਪੌਲੁਸ ਤਿਮੋਥਿਉਸ ਨੂੰ ਆਪਣੇ ਨਾਲ ਲੈਣਾ ਚਾਹੁੰਦਾ ਸੀ। ਯਹੂਦੀਆਂ ਦੀ ਹਮਾਇਤ ਹਾਸਲ ਕਰਨ ਲਈ (1 ਕੁਰਿੰਥੀਆਂ 9:21) ਉਸ ਨੇ ਤਿਮੋਥਿਉਸ ਦੀ ਸੁੰਨਤ ਕੀਤੀ ਸੀ (ਰਸੂਲਾਂ ਦੇ ਕੰਮ 16:1–3)।

ਸੁੰਨਤ ਬਚਾਏ ਜਾਣ ਲਈ ਸ਼ਰਤ ਨਹੀਂ ਹੈ ਬਲਕਿ ਮਸੀਹੀ ਲੋਕਾਂ ਦੀ ਆਪਣੀ ਮਰਜ਼ੀ ਉੱਤੇ ਹੈ (1 ਕੁਰਿੰਥੀਆਂ 7:18, 19; ਗਲਾਤੀਆਂ 5:6; 6:15)। ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਯਰੂਸ਼ਲਮ ਵਿਚ ਰਸੂਲਾਂ ਅਤੇ ਬਜ਼ੁਰਗਾਂ ਨੇ ਇਹ ਹੁਕਮ ਦਿੱਤਾ ਸੀ ਕਿ ਮੂਸਾ ਦੀ ਸ਼ਰ੍ਹਾ ਨੂੰ ਪੂਰਾ ਕਰਨਾ ਅਤੇ ਸੁੰਨਤ ਕੀਤਾ ਜਾਣਾ ਗੈਰਕੌਮ ਮਸੀਹੀ ਲੋਕਾਂ ਲਈ ਬੇਲੋੜੇ ਸਨ। ਪੌਲੁਸ ਦੇ ਅੰਤਾਕੀਆ ਵਿਚ ਰਹਿੰਦਿਆਂ ਇਸ ਸਵਾਲ ਉੱਤੇ ਬੜਾ ਝਗੜਾ ਪੈਦਾ ਹੋ ਗਿਆ ਸੀ ਅਤੇ ਇਹ ਬਹਿਸ ਉਨ੍ਹਾਂ ਦੇ ਯਰੂਸ਼ਲਮ ਵਿਚ ਪਹੁੰਚਣ ਤਕ ਜਾਰੀ ਰਹੀ (ਰਸੂਲਾਂ ਦੇ ਕੰਮ 15:1, 5, 24–29)। ਪੌਲੁਸ ਨੇ ਬੇਸ਼ੱਕ ਤਿਮੋਥਿਉਸ ਦੀ ਸੁੰਨਤ ਕੀਤੀ ਸੀ, ਪਰ ਉਸ ਨੇ ਤੀਤੁਸ ਦੀ ਸੁੰਨਤ ਕਰਨ ਤੋਂ ਮਨਾ ਕਰ ਦਿੱਤਾ (ਗਲਾਤੀਆਂ 2:3–5) ਹਾਲਾਤ ਇੱਕੋ ਜਿਹੇ ਨਹੀਂ ਸਨ। ਕਲੀਸੀਆ ਤੀਤੁਸ ਉੱਤੇ ਸੁੰਨਤ ਮੜ੍ਹਨ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਨਾਲ ਤੀਤੁਸ ਦੀ ਅਜ਼ਾਦੀ ਉੱਤੇ ਹਮਲਾ ਹੋਣਾ ਸੀ ਅਤੇ ਹੋਰਨਾਂ ਮਸੀਹੀ ਲੋਕਾਂ ਨੂੰ ਇਹ ਗਲਤ ਸੰਦੇਸ਼ ਜਾਣਾ ਸੀ ਕਿ ਸੁੰਨਤ ਜ਼ਰੂਰੀ ਹੈ। ਭਾਵੇਂ ਇਹ ਜ਼ਰੂਰੀ ਨਹੀਂ ਸੀ ਫਿਰ ਵੀ ਪੌਲੁਸ ਨੇ ਸੁੰਨਤ ਰਹਿਤ ਗੈਰਕੌਮ ਨਾਲ ਮਿਲਣ ਦੇ ਦਾਗ ਨੂੰ ਮਿਟਾਉਣ ਲਈ ਤਿਮੋਥਿਉਸ ਦੀ ਸੁੰਨਤ ਕਰ ਦਿੱਤੀ। ਯਹੂਦੀਆਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਉਹ ਸਿਰਫ਼ ਇਵੇਂ ਹੀ ਪ੍ਰਚਾਰ ਕਰ ਸਕਦਾ ਸੀ।

ਤਿਮੋਥਿਉਸ ਦੂਜੀ ਮਿਸ਼ਨਰੀ ਯਾਤਰਾ ਦੌਰਾਨ ਅਤੇ ਪੌਲੁਸ ਦੀ ਬਾਕੀ ਜ਼ਿੰਦਗੀ ਵਿਚ ਉਸ ਦਾ ਸਾਥੀ ਰਿਹਾ ਸੀ। ਭਾਵੇਂ ਉਹ ਏਸ਼ੀਆ ਮਾਈਨਰ ਦਾ ਸੀ ਪਰ ਪੌਲੁਸ ਨਾਲ ਜ਼ਿਆਦਾਤਰ ਉਹ ਉਸ ਦੀ ਯੂਰਪੀ ਸੇਵਕਾਈ ਵਿਚ ਰਿਹਾ ਜਿਸ ਦੀ ਸ਼ੁਰੂਆਤ ਪੌਲੁਸ ਨੂੰ ਮਕਦੂਨੀਆ ਵਿਚ ਜਾਣ ਦੀ ਬੁਲਾਹਟ ਹੋਈ ਸੀ (ਰਸੂਲਾਂ ਦੇ ਕੰਮ 16:9, 10)। ਤਿਮੋਥਿਉਸ ਦਾ ਆਖ਼ਰੀ ਵਾਰ ਜ਼ਿਕਰ ਜਾਂ ਤਾਂ 2 ਤਿਮੋਥਿਉਸ 1:2 ਵਿਚ ਹੈ ਜਾਂ ਇਬਰਾਨੀਆਂ 13:23 ਵਿਚ, ਜਿੱਥੇ ਕਿਹਾ ਗਿਆ ਹੈ, ''ਤੁਹਾਨੂੰ ਮਲੂਮ ਹੋਵੇ ਭਈ ਸਾਡਾ ਭਰਾ ਤਿਮੋਥਿਉਸ ਕੈਦੋਂ ਛੁੱਟ ਗਿਆ। ਜੋ ਉਹ ਛੇਤੀ ਆਇਆ ਤਾਂ ਮੈਂ ਉਹ ਦੇ ਨਾਲ ਆਣ ਕੇ ਤੁਹਾਡਾ ਦਰਸ਼ਣ ਕਰਾਂਗਾ।'' ਜੇ ਤਿਮੋਥਿਉਸ ਉਸ ਵਕਤ ਪੌਲੁਸ ਦੇ ਨਾਲ ਸੀ ਤਾਂ ਇਹ ਸਬੂਤ ਹੋ ਸਕਦਾ ਹੈ ਕਿ ਇਬਰਾਨੀਆਂ ਦੀ ਕਿਤਾਬ ਪੌਲੁਸ ਨੇ ਲਿਖੀ। ਇਸ ਦੇ ਬਾਅਦ ਤਿਮੋਥਿਉਸ ਬਾਰੇ ਹੋਰ ਕੁਝ ਪਤਾ ਨਹੀਂ ਹੈ। ਉਸ ਦੇ ਨਾਂਅ ਦਾ ਜ਼ਿਕਰ ਮੁੱਢਲੇ ਮਸੀਹੀ ਸਾਹਿਤ ਵਿਚ ਨਹੀਂ ਮਿਲਦਾ ਹੈ।[6]

ਪੌਲੁਸ ਨੇ ਤਿਮੋਥਿਉਸ ਨੂੰ ਇੱਥੇ ਅਤੇ 2 ਕੁਰਿੰਥੀਆਂ 1:1; ਫਿਲੇਮੋਨ 1; ਇਬਰਾਨੀਆਂ 13:23 ਵਿਚ **ਸਾਡਾ ਭਰਾ** *[ho*, ਮੂਲ ਵਿਚ ''the'' *]* ਕਿਹਾ। ਹੋਰ ਕਿਤੇ ਵੀ ਉਸ ਨੇ ਨਿਸ਼ਚਿਤ ਉਪਪਦ ਦੇ ਬਗੈਰ ਅਜਿਹੇ ਹੀ ਹਵਾਲੇ ਦਿੱਤੇ (1 ਥੱਸਲੁਨੀਕੀਆਂ 1:1; 2 ਥੱਸਲੁਨੀਕੀਆਂ 1:1)। 1 ਤਿਮੋਥਿਉਸ 1:2 ਅਤੇ 2 ਤਿਮੋਥਿਉਸ 1:2 ਵਿਚ ਪੌਲੁਸ ਨੇ ਉਸ ਨੂੰ ''ਬੱਚਾ'' ਅਤੇ ''ਬੱਚੇ'' ਆਖਿਆ ਜਿਸ

ਵਿਚ ਦੋਵੇਂ ਹੀ ਯੂਨਾਨੀ ਸ਼ਬਦ *teknon* (ਬੱਚਾ) ਤੋਂ ਲਏ ਗਏ ਹਨ। ਤਿਮੋਥਿਉਸ ਨਾਲ ਉਸ ਦਾ ਲਗਾਅ ''ਮੇਰਾ ਸੱਚਾ ਬੱਚਾ'' ਅਤੇ ''ਪਿਆਰੇ ਬੱਚੇ'' ਵਾਕ ਅੰਸ਼ਾਂ ਵਿਚ ਨਜ਼ਰ ਆਉਂਦਾ ਹੈ। ਕੁਆਰਤੁਸ (ਰੋਮੀਆਂ 16:23), ਸੋਸਥਨੇਸ (1 ਕੁਰਿੰਥੀਆਂ 1:1), ਅਤੇ ਅਪੁੱਲੋਸ (1 ਕੁਰਿੰਥੀਆਂ 16:12) ਦੀ ਵਰਤੋਂ ਵਿਚ ਵੀ ਨਿਸ਼ਚਿਤ ਉਪਪਦ ਹੀ ਵਰਤਿਆ ਗਿਆ ਹੈ।

ਪੌਲੁਸ ਨੇ ਤਿਮੋਥਿਉਸ ਨੂੰ ''ਸਾਥੀ ਰਸੂਲ'' ਨਹੀਂ ਆਖਿਆ ਕਿਉਂਕਿ ਉਸ ਨੂੰ ਰਸੂਲ ਹੋਣ ਦਾ ਇਖ਼ਤਿਆਰ ਨਹੀਂ ਮਿਲਿਆ ਸੀ। ਨਵੇਂ ਨੇਮ ਵਿਚ ''ਭਰਾ'' ਅਤੇ ''ਭਰਾਵਾਂ'' (*adelphos* ਤੋਂ) ਦੀ ਵਰਤੋਂ ਸਰੀਰਕ ਭਰਾ (ਮੱਤੀ 4:18; 12:47; ਰਸੂਲਾਂ ਦੇ ਕੰਮ 1:14; 12:2; ਗਲਾਤੀਆਂ 1:19), ਇੱਕੋ ਹੀ ਕੌਮ ਵਾਲਿਆਂ (ਰਸੂਲਾਂ ਦੇ ਕੰਮ 2:29; 3:17, 22; 7:2; 9:17), ਅਤੇ ਰੂਹਾਨੀ ਭਰਾਵਾਂ ਭਾਵ ਮਸੀਹ ਵਿਚ ਭਰਾਵਾਂ (ਰਸੂਲਾਂ ਦੇ ਕੰਮ 9:30; 10:23; 21:20; ਰੋਮੀਆਂ 14:10) ਲਈ ਵਰਤਿਆ ਜਾਂਦਾ ਹੈ।

''ਭਰਾ'' ਦੀ ਵਰਤੋਂ ਅਹੁਦੇ ਲਈ ਨਹੀਂ ਕੀਤੀ ਜਾਂਦੀ ਬਲਕਿ ਇਹ ਸਬੰਧ ਨੂੰ ਵਿਖਾਉਂਦਾ ਹੈ। ਸਭ ਮਸੀਹੀ ਲੋਕਾਂ ਨੂੰ ਮਸੀਹ ਵਿਚ ਭਾਈ ਹੋਣ ਦੇ ਨਾਤੇ ਬਰਾਬਰ ਮੰਨਿਆ ਜਾਂਦਾ ਹੈ (ਗਲਾਤੀਆਂ 3:26–28); ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਨੂੰ ਇੱਕੋ ਜਿਹੀਆਂ ਜ਼ਿੰਮੇਵਾਰੀਆਂ, ਦਾਨ ਜਾਂ ਇਖ਼ਤਿਆਰ ਮਿਲੇ ਹੋਣ (ਰੋਮੀਆਂ 12:6–8)। ਇਸ ਤੱਥ ਦੇ ਅਧਾਰ ਤੇ ਕਿ ਮਸੀਹ ਦੇ ਚੇਲੇ ਭਾਈ ਜਾਂ ਭਰਾ ਹਨ, ਆਗੂਆਂ ਨੂੰ ਖ਼ਾਸ ਅਹੁਦਿਆਂ ਵਾਲੇ ਨਾਂਅ ਨਹੀਂ ਅਪਣਾਉਣੇ ਚਾਹੀਦੇ ਜਿਹੜੇ ਉਨ੍ਹਾਂ ਨੂੰ ਦੂਜੇ ਚੇਲਿਆਂ ਨਾਲੋਂ ਅੱਡ ਕਰਦੇ ਹੋਣ (ਵੇਖੋ ਮੱਤੀ 23:8–10)।

ਹਨੱਨਯਾਹ ਨੇ ਪੌਲੁਸ ਨੂੰ ਉਸ ਦੇ ਪਾਪ ਧੋਤੇ ਜਾਣ ਤੋਂ ਪਹਿਲਾਂ ''ਭਾਈ ਸੌਲੁਸ'' ਆਖਿਆ (ਰਸੂਲਾਂ ਦੇ ਕੰਮ 22:16)। ਕਈਆਂ ਨੇ ਇਸ (ਅਤੇ ਇਸ ਤੱਥ ਤੋਂ ਕਿ ਪੌਲੁਸ ਨੇ ਯਿਸੂ ਨੂੰ ''ਪ੍ਰਭੂ'' ਆਖਿਆ; ਰਸੂਲਾਂ ਦੇ ਕੰਮ 9:5; 22:8; 26:15)। ਇਹ ਨਿਚੋੜ ਕੱਢ ਲਿਆ ਹੈ ਕਿ ਪੌਲੁਸ ਨੂੰ ਨਵਾਂ ਜਨਮ ਦਮਿਸ਼ਕ ਦੇ ਨੇੜੇ ਯਿਸੂ ਦਾ ਦਰਸ਼ਣ ਮਿਲਣ ਵੇਲੇ ਮਿਲਿਆ ਸੀ। ਰਸੂਲਾਂ ਦੇ ਕੰਮ 9:5 ਦੀ ਟਿੱਪਣੀ ਦੇ ਰੂਪ ਵਿਚ ਇਕ ਅਧਿਐਨ ਬਾਈਬਲ ਵਿਚ ਇਹ ਵਿਆਖਿਆ ਮਿਲਦੀ ਹੈ: ''ਆਇਤ 3–9 ਵਿਚ ਦਮਿਸ਼ਕ ਸ਼ਹਿਰ ਦੇ ਬਾਹਰ ਪੌਲੁਸ ਦੀ ਮਨਬਦਲੀ ਦਾ ਵੇਰਵਾ ਹੈ। ... ਪੌਲੁਸ ਨੂੰ ਹਨੱਨਯਾਹ ਵੱਲੋਂ 'ਭਾਈ ਸੌਲੁਸ' ਆਖਿਆ ਜਾਂਦਾ ਹੈ (ਆਇਤ 17)। ਹਨੱਨਯਾਹ ਇਹ ਮੰਨ ਲੈਂਦਾ ਹੈ ਕਿ ਪੌਲੁਸ ਇਕ ਨਿਹਚਾਵਾਨ ਹੈ ਜਿਸ ਨੇ ਨਵਾਂ ਜਨਮ ਪਾ ਲਿਆ ਹੈ (ਯੂਹੰਨਾ 3:3–5)।''[7]

ਕਈ ਮੌਕਿਆਂ ਤੇ ਪਤਰਸ ਅਤੇ ਪੌਲੁਸ ਨੇ ਯਹੂਦੀਆਂ ਨੂੰ ਜਿਹੜੇ ਮਸੀਹੀ ਨਹੀਂ ਸਨ, ''ਭਾਈ'' ਜਾਂ ''ਭਾਈਓ'' ਆਖਿਆ (ਰਸੂਲਾਂ ਦੇ ਕੰਮ 2:29; 3:17; 7:2; 13:15, 26, 38; 22:1; 23:1, 5, 6; 28:17)। ਹਨੱਨਯਾਹ ਨੇ ਪੌਲੁਸ ਨੂੰ ਭਾਈ *ਮਸੀਹੀ* ਦੇ ਰੂਪ ਵਿਚ ਨਹੀਂ ਬਲਕਿ ਭਾਈ *ਯਹੂਦੀ* ਦੇ ਰੂਪ ਵਿਚ ਬੁਲਾਇਆ। ਪੌਲੁਸ ਨੇ ਅਜੇ ਖ਼ੁਦਾ ਦੀ ਸੰਤਾਨ ਬਣਨ ਲਈ ਬਪਤਿਸਮਾ ਨਹੀਂ ਲਿਆ ਸੀ, ਨਾ ਹੀ ਉਸ ਨੂੰ ਪਵਿੱਤਰ ਆਤਮਾ ਮਿਲਿਆ ਸੀ (ਰਸੂਲਾਂ ਦੇ ਕੰਮ 9:17)। ਯਿਸੂ ਨੂੰ ''ਪ੍ਰਭੂ'' ਆਖ ਕੇ ਉਸ ਨੂੰ ਜਵਾਬ ਦੇਣਾ ਕਾਫ਼ੀ ਨਹੀਂ ਸੀ (ਮੱਤੀ 7:21; ਲੂਕਾ 6:46)। ਉਸ ਨੂੰ ਹਨੱਨਯਾਹ ਦੇ ਰਾਹੀਂ ਦੱਸਿਆ ਗਿਆ ਸੀ ਕਿ ਆਪਣੇ ਪਾਪਾਂ ਨੂੰ ਧੋਣ ਲਈ ਪ੍ਰਭੂ ਦਾ ਨਾਂਅ ਕਿਵੇਂ ਲੈਣਾ ਹੈ।

ਪੌਲੁਸ ਨੇ ਤਿਮੋਥਿਉਸ ਨੂੰ ''ਭਾਈ'' ਆਖਿਆ ਕਿਉਂ ਜੋ ਉਹ ਪੌਲੁਸ ਦਾ ਮਸੀਹੀ ਭਾਈ ਹੀ ਨਹੀਂ ਬਲਕਿ ਕੁਲੁੱਸੇ ਅਤੇ ਦੁਨੀਆਂ ਭਰ ਦੇ ਮਸੀਹੀ ਲੋਕਾਂ ਦਾ ਭਾਈ ਵੀ ਸੀ। ਉਸ ਨੇ ਕੁਆਰਤੁਸ, ਸੋਸਥਨੇਸ ਅਤੇ ਅਪੁੱਲੋਸ ਸਣੇ ਹੋਰ ਮਸੀਹੀ ਲੋਕਾਂ ਨੂੰ ''ਭਾਈ'' ਆਖਿਆ (ਰੋਮੀਆਂ 16:23; 1 ਕੁਰਿੰਥੀਆਂ 1:1; 16:12)। ਇਨ੍ਹਾਂ ਮਾਮਲਿਆਂ ਵਿਚ ਪੌਲੁਸ ਵੱਲੋਂ ''ਭਾਈ'' ਸੰਸਾਰਿਕ ਭਾਈ, ਕਲੀਸੀਆ ਵਿਚ ਰੁਤਬੇ ਜਾਂ ਪਦਵੀ ਲਈ ਨਹੀਂ ਵਰਤਿਆ ਗਿਆ।

## ਕੁਲੁੱਸੇ ਦੇ ਨਿਹਚਾਵਾਨ ਭਾਈਆਂ ਦੇ ਨਾਂਅ (1:2)

**[2]ਅੱਗੇ ਜੋਗ ਉਨ੍ਹਾਂ ਸੰਤਾਂ ਨੂੰ ਜਿਹੜਾ ਕੁਲੁੱਸੈ ਦੇ ਵਾਸੀ ਅਤੇ ਮਸੀਹ ਵਿਚ ਨਿਹਚਾਵਾਨ ਭਾਈ ਹਨ ਸਾਡੇ ਪਿਤਾ ਪਰਮੇਸ਼ੁਰ ਦੀ ਵੱਲੋਂ ਤੁਹਾਡੇ ਉੱਤੇ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।**

ਕਲੀਸੀਆਵਾਂ ਦੇ ਨਾਂਅ ਲਿਖਦਿਆਂ ਪੌਲੁਸ ਵੱਲੋਂ ਵੱਖੋ ਵੱਖ ਸ਼ਬਦਾਂ ਦੀ ਵਰਤੋਂ ਲਈ ਸ਼ਾਇਦ ਕੋਈ ਖ਼ਾਸ ਕਾਰਣ ਨਹੀਂ ਦੱਸਿਆ ਜਾ ਸਕਦਾ। ਥੱਸਲੁਨੀਕੀਆਂ, ਕੁਰਿੰਥੀਆਂ ਅਤੇ ਗਲਾਤੀਆ ਦੇ ਭਾਈਆਂ ਨੂੰ ਉਸ ਨੇ ਕਲੀਸੀਆਵਾਂ ਆਖ ਕੇ ਬੁਲਾਇਆ। ਰੋਮੀਆਂ, ਫ਼ਿਲਿੱਪੀਆਂ, ਕੁਲੁੱਸੀਆਂ ਅਤੇ ਅਫ਼ਸੀਆਂ ਦੇ ਨਾਂਅ ਖ਼ਤ ਲਿਖਦਿਆਂ ਉਸ ਨੇ ਉਨ੍ਹਾਂ ਨੂੰ ''ਸੰਤ'' ਆਖਿਆ। ''ਕਲੀਸੀਆ'' ਸ਼ਬਦ ਦਾ ਅਰਥ ਮਸੀਹੀ ਲੋਕਾਂ ਦੇ ਰੂਪ ਵਿਚ ਸੰਗਠਿਤ ਜਮਾਤ ਹੈ ਜਦਕਿ ''ਸੰਤ'' ਉਨ੍ਹਾਂ ਲੋਕਾਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਨਾਲ ਇਹ ਜਮਾਤ ਬਣਦੀ ਹੈ। ਉਸ ਨੇ ''ਸੰਤਾਂ'' ਸ਼ਬਦ ਦੀ ਵਰਤੋਂ ਆਪਣੇ ਖ਼ਤਾਂ ਨੂੰ ਵਧੇਰੇ ਨਿੱਜੀ ਛੂਹ ਦੇਣ ਲਈ ਕੀਤੀ ਹੋ ਸਕਦੀ ਹੈ।

**''ਉਹ ਉਨ੍ਹਾਂ ਸੰਤਾਂ ਜਿਹੜੇ ਕੁਲੁੱਸੈ ਦੇ ਵਾਸੀ ਅਤੇ ਮਸੀਹ ਵਿਚ ਨਿਹਚਾਵਾਨ ਭਾਈ ਹਨ'' (1:2)**

**ਸੰਤਾਂ** (*hagioi*) ਦਾ ਅਨੁਵਾਦ ''ਪਵਿੱਤਰ ਲੋਕ'' ਵੀ ਕੀਤਾ ਜਾਂਦਾ ਹੈ। ਇਸ ਦੇ ਸਜਾਤੀ ਕਿਰਿਆ ਸ਼ਬਦ (*hagiazō*, ''ਪਵਿੱਤਰ ਕਰਨਾ'') ਤੋਂ ਭਾਵ ਕਿਸੇ ਖ਼ਾਸ ਮਕਸਦ ਲਈ ''ਅੱਡ ਕਰਨਾ'' ਹੈ। ਮਸੀਹੀ ਲੋਕਾਂ ਦੇ ਸਬੰਧ ਵਿਚ ਇਸ ਦਾ ਅਰਥ ਖ਼ੁਦਾ ਦੇ ਮਕਸਦਾਂ ਨੂੰ ਪੂਰਾ ਕਰਨ ਲਈ ਸੰਸਾਰ ਦੇ ਬੁਰੇ ਵਿਹਾਰਾਂ ਤੋਂ ਅੱਡ ਕੀਤੇ ਹੋਏ ਹੈ। ਸੰਤ ਮਸੀਹੀ ਜਮਾਤ ਦੇ ਅੰਦਰ ਖ਼ਾਸ ਲੋਕ ਨਹੀਂ ਹਨ ਜਿਨ੍ਹਾਂ ਨੂੰ ਸੰਤ ਐਲਾਨਿਆ ਗਿਆ ਹੈ ਬਲਕਿ ਉਹ ਯਿਸੂ ਦੇ ਸਾਰੇ ਚੇਲੇ ਹਨ (ਰਸੂਲਾਂ ਦੇ ਕੰਮ 26:10; ਰੋਮੀਆਂ 8:27; 12:13; 2 ਕੁਰਿੰਥੀਆਂ 13:13; ਕੁਰਿੰਥੀਆਂ 16:2; 2 ਕੁਰਿੰਥੀਆਂ 1:1; ਅਫ਼ਸੀਆਂ 1:1)। ਭਾਵ ਜਿਨ੍ਹਾਂ ਨੇ ਦੁਨਿਆਵੀ ਜ਼ਿੰਦਗੀ ਤੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ ਹੈ (2 ਕੁਰਿੰਥੀਆਂ 6:17)। ਉਨ੍ਹਾਂ ਨੂੰ ਹਨੇਰੇ ਵਿੱਚੋਂ ਮਸੀਹ ਦੇ ਰਾਜ ਵਿਚ ਅਤੇ ਖ਼ੁਦਾ ਦੇ ਅਜਬ ਚਾਨਣ ਵਿਚ ਸੱਦਿਆ ਗਿਆ ਹੈ (ਰਸੂਲਾਂ ਦੇ ਕੰਮ 26:18; ਕੁਲੁੱਸੀਆਂ 1:13; 1 ਪਤਰਸ 2:9)। ''ਸੰਤਾਂ'' ਸ਼ਬਦ ਦੀ ਵਰਤੋਂ ਉਨ੍ਹਾਂ ਦੇ ਵਿਹਾਰ ਦੇ ਪਾਪ ਰਹਿਤ ਹੋਣ ਲਈ ਨਹੀਂ ਬਲਕਿ ਉਨ੍ਹਾਂ ਦੇ ਸੱਦੇ ਜਾਣ ਲਈ ਹੈ। ਇਸ ਤੱਥ ਦੇ ਬਾਵਜੂਦ ਕਿ ਕਲੀਸੀਆ ਦੇ ਕੁਝ ਲੋਕ ਰੂਹਾਨੀ ਤੌਰ ਤੇ ਬੀਮਾਰ, ਡਾਕਟ੍ਰਿਨ ਜਾਂ ਸਿੱਖਿਆ ਵਿਚ ਪਰੇਸ਼ਾਨ ਅਤੇ ਨੈਤਿਕ ਤੌਰ ਤੇ ਭ੍ਰਿਸ਼ਟ ਸਨ। ਪੌਲੁਸ ਨੇ ਕੁਰਿੰਥੁਸ ਦੀ ਮੰਡਲੀ ਦੇ ਲੋਕਾਂ ਨੂੰ ''ਸੰਤ'' ਆਖਿਆ (1 ਕੁਰਿੰਥੀਆਂ 1:2)।

ਪੌਲੁਸ ਦੋ ਵੱਖੋ ਵੱਖ ਜਮਾਤਾਂ ਦੀ ਗੱਲ ਨਹੀਂ ਕਰ ਰਿਹਾ ਸੀ ਜਿਸ ਵਿਚ ਇਕ ''ਸੰਤ'' ਸਨ ਅਤੇ ਦੂਜੇ ''ਨਿਹਚਾਵਾਨ ਭਾਈ।'' ਦੋਹਾਂ ਇਜ਼ਹਾਰਾਂ ਨਾਲ ਸਿਰਫ਼ ਇੱਕੋ ਹੀ ਉਪਪਦ (*tois*) ਵਰਤਿਆ ਗਿਆ ਹੈ ਜਿਸ ਦਾ ਅਰਥ ਹੈ ਕਿ ਇਹ ਦੋ ਵੱਖੋ ਵੱਖ ਜਮਾਤਾਂ ਨਹੀਂ ਬਲਕਿ ਦੋ ਵੱਖੋ ਵੱਖ ਤਰ੍ਹਾਂ ਨਾਲ ਦੱਸੀ ਗਈ ਉਹੀ ਜਮਾਤ ਹੈ।

ਰੌਬਰਟ ਜੀ. ਬ੍ਰੇਚਰ ਅਤੇ ਯੂਜੀਨ ਏ. ਨਿਡਾ ਨੇ ਲਿਖਿਆ ਹੈ:

> ਯੂਨਾਨੀ ਧਰਮ ਪੁਸਤਕ ਦਾ ਰੂਪ ''ਸੰਤਾਂ'' ਦੇ ਨਾਲ [ਰਿਵਾਈਜ਼ਡ ਸਟੈਂਡਰਡ ਵਰਜ਼ਨ (ਆਰ. ਐਸ. ਵੀ)] ਨੂੰ ਵਿਸ਼ੇਸ਼ਣ ਦੇ ਰੂਪ ਵਿਚ *ਭਾਈਆਂ* ਨੂੰ ਸੁਧਾਰ ਕੇ ਜਿਵੇਂ *ਨਿਹਚਾਵਾਨ* ਕੰਮ ਕਰਦਾ ਹੈ ਦੀ ਮੰਗ ਕਰਦਾ ਲਗਦਾ ਹੈ, ਕਿਉਂ ਜੋ ਪੂਰੇ ਵਾਕ ਅੰਸ਼ ਦੇ ਨਾਲ ਇੱਕੋ ਹੀ ਉਪਪਦ ''ਸਾਡੇ ਪਵਿੱਤਰ ਅਤੇ ਨਿਹਚਾਵਾਨ ਭਾਈਆਂ ਦੇ ਨਾਂਅ'' ਹੈ।[8]

ਇਹੀ ਨਿਯਮ ਯੂਹੰਨਾ 3:5 ਤੇ ਲਾਗੂ ਹੁੰਦਾ ਹੈ ਜਿੱਥੇ ''ਜਲ ਅਰ ਆਤਮਾ ਤੋਂ'' ਵਾਕ ਅੰਸ਼ ਵਿਚ ਉਪਸਰਗ ''ਤੋਂ'' (*ex*) ਸੁਝਾਅ ਦਿੰਦਾ ਹੈ ਕਿ ਇਸਦਾ ਅਰਥ ਇੱਕੋ ਜਨਮ ਹੈ ਨਾ ਕਿ ਦੋ। ''ਜਲ ਅਰ ਆਤਮਾ'' ਉਸ ਇੱਕੋ ਜਨਮ ਵਿਚ ਦੋ ਤੱਥ ਹਨ।

> ਯੂਹੰਨਾ ''ਆਤਮਾ'' ਤੋਂ ਪਹਿਲਾਂ ''ਦੂਸਰਾ'' ਤੋਂ *ex* ਨਹੀਂ ਰੱਖਦਾ ਜਿਵੇਂ ਉਹ ਦੋ ਵੱਖੋ ਵੱਖ ਘਟਨਾਵਾਂ ਦਾ ਬਿਆਨ ਕਰ ਰਿਹਾ ਹੋਵੇ। ਇੱਕੋ *ex* ਇੱਕੋ ਮੌਕੇ ਦੇ ਬਿਆਨ ਕਰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹ ਇਕ ਹੋਣਾ ਪੂਰੀ ਤਰ੍ਹਾਂ ਨਾਲ ਅਨਿਸ਼ਚਿਤ ਭੂਤਕਾਲ ਸੂਚਕ ਕਰਮਵਾਚ ਰਾਹੀਂ ਸਥਾਪਿਤ ਹੁੰਦਾ *gennethe* ਹੈ ਜਿਸਦਾ ਅਰਥ ਮੂਲ ਵਿਚ ਜਲ ਅਰ ਆਤਮਾ ਤੋਂ ''ਇੱਕੋ ਵਾਰ ਜਨਮ ਹੁੰਦਾ ਹੈ।''
>
> ਇਨ੍ਹਾਂ ਤੱਥਾਂ ਨੂੰ ਮਿਲਾਉਣ ਤੇ ਯੂਹੰਨਾ 3:3–5 ਦੇ ਕਿਸੇ ਵੀ ਹਵਾਲੇ ਨੂੰ ਦੋ ਬਪਤਿਸਮਿਆਂ ਜਾਂ ਜਨਮਾਂ (ਕੁਦਰਤੀ ਜਨਮ ਦੇ ਬਾਅਦ) ਅਰਥਾਤ ''ਪਾਣੀ ਦਾ ਬਪਤਿਸਮਾ'' ਅਤੇ ਬਾਅਦ ਵਿਚ ''ਆਤਮਾ ਦਾ ਬਪਤਿਸਮਾ'' ਜਾਂ ਧਰਮੀ ਠਹਿਰਾਏ ਜਾਣ ਦਾ ਪਹਿਲਾਂ ''ਨਵਾਂ ਜਨਮ'' ਅਤੇ ਬਾਅਦ ਵਿਚ ''ਆਤਮਾ ਦਾ ਬਪਤਿਸਮਾ'' ਦੇ ਹਵਾਲੇ ਨੂੰ ਲੱਭਣ ਲਈ ਕਿਸੇ ਵੀ ਝੁਕਾਅ ਦੇ ਖ਼ਿਲਾਫ਼ ਚੌਕਸ ਕਰਨ ਵਾਲੇ ਹੋਣੇ ਚਾਹੀਦੇ ਹਨ।
>
> ਆਦਮੀ ਸਿਰਫ਼ ਇੱਕੋ ਵਾਰ ਜਨਮ ਲੈਂਦਾ ਹੈ ਅਤੇ ਉਹ ਜਨਮ ''ਜਲ ਅਰ ਆਤਮਾ ਤੋਂ'' ਹੁੰਦਾ ਹੈ।[੧]

**ਨਿਹਚਾਵਾਨ** ਲਈ ਯੂਨਾਨੀ ਸ਼ਬਦ *pistoi* ਨਾਉਂ ਸ਼ਬਦ ''ਨਿਹਚਾ'' (*pistis*) ਅਤੇ ਕਿਰਿਆ (*pisteuō*) ਵਰਗੇ ਮੂਲ ਸ਼ਬਦ ਤੋਂ ਬਣਿਆ ਹੈ। ਯਿਸੂ ਦੇ ਚੇਲਿਆਂ ਦੇ ਵਰਣਨ ਲਈ ਵਿਸ਼ੇਸ਼ਣ ਦੇ ਰੂਪ ਵਿਚ ਇਸ ਦੀ ਵਰਤੋਂ ਦਾ ਮਤਲਬ ਇਹ ਨਹੀਂ ਹੈ ਕਿ ਇਹ ਸ਼ਬਦ ਹਰ ਵਾਰ ਸਹੀ ਲੋਕਾਂ ਨਾਲ ਜੁੜਿਆ ਹੋਇਆ ਹੈ। ਕੋਈ ਨੌਕਰ ਆਪਣੇ ਮਾਲਿਕ ਦਾ (ਮੱਤੀ 24:45; 25:21, 23), ਕਰਮਚਾਰੀ ਆਪਣੇ ਨਿਯੋਜਕ ਦਾ (ਲੂਕਾ 12:42; 1 ਕੁਰਿੰਥੀਆਂ 4:2), ਕੋਈ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ (ਲੂਕਾ 16:10), ਅਤੇ ਮਸੀਹੀ ਆਦਮੀ ਮਸੀਹ ਦਾ (ਰਸੂਲਾਂ ਦੇ ਕੰਮ 16:15)। ਨਿਹਚਾਵਾਨ ਹੋ ਸਕਦਾ ਹੈ। ਖ਼ੁਦਾ ਅਤੇ ਯਿਸੂ ਨੂੰ ਮਾਲਿਕ ਦਾ ਵਫ਼ਾਦਾਰ ਆਖਿਆ ਗਿਆ ਹੈ (1 ਕੁਰਿੰਥੀਆਂ 1:9; 2 ਥੱਸਲੁਨੀਕੀਆਂ 3:3), ਜਿਵੇਂ ਖ਼ੁਦਾ ਦੀ ਸੇਵਾ ਕਰਨ ਵਾਲਿਆਂ ਨੂੰ ਵੀ ਕਿਹਾ ਜਾਂਦਾ ਹੈ (ਕੁਲੁੱਸੀਆਂ 1:7; 4:7, 9; 1 ਤਿਮੋਥਿਉਸ 1:12; ਇਬਰਾਨੀਆਂ 3:5; 1 ਪਤਰਸ 5:12; ਪ੍ਰਕਾਸ਼ ਦੀ ਪੋਥੀ 2:13)। ਯੂਨਾਨੀ ਭਾਸ਼ਾ ਵਿਚ ਇਸ ਭਾਸ਼ਾ ਦੀ ਵਰਤੋਂ ਤੀਤੁਸ 1:6 ਵਿਚ ਜਿਹੜੇ ਮਾਪਿਆਂ ਦੇ ਵਫ਼ਾਦਾਰ ਅਤੇ ਆਗਿਆਕਾਰ ਹਨ, ਕੀਤੀ ਗਈ ਹੈ– ਇਹ ਖੂਬੀ ਯੋਗ ਐਲਡਰ ਦੇ ਘਰ ਦੇ ਲੋਕਾਂ ਦੀ ਹੀ ਹੈ।

ਕੁਲੁੱਸੇ ਦੇ ਭਾਈ **ਨਿਹਚਾਵਾਨ** ਸਨ। ਉਸ ਨੇ ਉਨ੍ਹਾਂ ਨੂੰ ''ਨਿਹਚਾਵਾਨ'' ਸ਼ਾਇਦ ਉਨ੍ਹਾਂ ਵਿਚ ਆਪਣੇ ਭਰੋਸੇ ਨੂੰ ਵਿਖਾਉਣ ਅਤੇ ਉਨ੍ਹਾਂ ਨੂੰ ਆਪਣੇ ਮਸੀਹੀ ਚਾਲ ਚਲਣ ਵਿਚ ਦਲੇਰ ਕਰਨ ਲਈ ਕਿਹਾ। ਭਾਵ ਇਹ ਹੈ ਕਿ ਉਹ ਯਿਸੂ ਦੇ ਵਫ਼ਾਦਾਰ ਸਨ ਕਿਉਂ ਜੋ ਉਨ੍ਹਾਂ ਨੇ ਉਸ ਵਿਚ ਆਪਣਾ ਈਮਾਨ ਰੱਖਿਆ ਸੀ। ਅਤੇ ਉਸ ਦੇ ਮਗਰ ਇਮਾਨਦਾਰੀ ਨਾਲ ਸੱਚੇ ਦਿਲੋਂ ਚੱਲ ਰਹੇ ਸਨ। ਉਹ ਧੀਰਜ ਨਾਲ, ਬਿਨਾਂ ਡੋਲੇ ਅਤੇ ਲਗਾਤਾਰ ਯਿਸੂ ਦੀ ਸੇਵਾ ਕਰ ਰਹੇ ਸਨ।

ਉਨ੍ਹਾਂ ਦਾ ''ਭਾਈ'' ਹੋਣਾ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਉਨ੍ਹਾਂ ਦੇ ਰੂਹਾਨੀ ਸਬੰਧ ਤੇ ਅਧਾਰਿਤ ਸੀ (ਗਲਾਤੀਆਂ 3:26)। ਮਸੀਹ ਵਿਚ ਆ ਕੇ ਅਤੇ ਬਪਤਿਸਮੇ ਵਿਚ ਉਸ ਨੂੰ ਪਹਿਨ ਕੇ ਉਹ ਇੱਕੋ ਪਰਿਵਾਰ ਦੇ ਲੋਕ ਬਣ ਗਏ ਸਨ (ਗਲਾਤੀਆਂ 3:27)। ''ਸੰਤ'' ਅਤੇ ''ਭਾਈ'' ਬੇਸ਼ੱਕ ਪੁਰਖਵਾਚਕ ਸ਼ਬਦ ਹਨ ਪਰ ਇਸ ਵਿਚ ਭਾਈ ਅਤੇ ਭੈਣਾਂ ਦੋਵੇਂ ਆਉਂਦੇ ਹਨ। ਕਿਉਂ ਜੋ ਉਹ ਮਸੀਹ ਵਿਚ ਇਕ

(ਗਲਾਤੀਆਂ 3:28), ਅਤੇ ਉਸ ਦੀ ਇੱਕੋ ਦੇਹ ਦੇ ਅੰਗ ਹਨ (1 ਕੁਰਿੰਥੀਆਂ 12:13)। ਮਸੀਹੀ ਹੋਣ ਦੇ ਨਾਤੇ ਸਾਨੂੰ ਇਹ ਸਮਝ ਹੋਣੀ ਜ਼ਰੂਰੀ ਹੈ ਕਿ ਅਸੀਂ ਸਭੇ ਇਕ ਦੂਜੇ ਨਾਲ ਜੁੜੇ ਹੋਏ ਹਾਂ। ਅਸੀਂ ਇੱਕੋ ਪਰਿਵਾਰ ਦੇ ਲੋਕ ਹਾਂ ਇਸ ਕਰਕੇ ਸਾਨੂੰ ਇਕੱਠੇ ਰਹਿਣ ਦਾ ਸਾਂਝਾ ਮੰਚ ਮਿਲਿਆ ਹੈ।

**ਮਸੀਹ ਵਿਚ** ਹੋਣ ਤੋਂ ਭਾਵ ਰੂਹਾਨੀ ਦਾਇਰੇ ਵਿਚ ਹੋਣਾ ਹੈ। ਯਿਸੂ ਨੇ ਉਸ ਵਿਚ ਹੋਣ ਦੇ ਵਿਚਾਰ ਦੀ ਸ਼ੁਰੂਆਤ ਕੀਤੀ (ਯੂਹੰਨਾ 6:56; 14:20; 15:1–7)। ਪੌਲੁਸ ਨੇ ਆਪਣੇ ਲੇਖਾਂ ਵਿਚ ''ਮਸੀਹ ਵਿਚ'' ਹੋਣ ਦੀ ਇਸ ਧਾਰਣਾ ਨੂੰ ਮਿਲਾ ਦਿੱਤਾ (ਰੋਮੀਆਂ 8:1; 1 ਕੁਰਿੰਥੀਆਂ 15:18; 2 ਕੁਰਿੰਥੀਆਂ 5:17; ਕੁਲੁੱਸੀਆਂ 1:4, 28; 2:5)।

ਕੁਲੁੱਸੇ ਦੇ ਲੋਕ ''ਮਸੀਹ ਵਿਚ'' ਸਨ ਕਿਉਂ ਜੋ ਉਨ੍ਹਾਂ ਦੀ ਨਿਹਚਾ ਨੇ ਉਨ੍ਹਾਂ ਨੂੰ ''ਮਸੀਹ ਵਿਚ'' ਬਪਤਿਸਮਾ ਲੈਣ ਲਈ ਪਰੇਰਿਆ ਸੀ (ਰੋਮੀਆਂ 6:3; ਗਲਾਤੀਆਂ 3:27)। ਬਪਤਿਸਮੇ ਦੇ ਰਾਹੀਂ ਜਿਹੜੇ ਲੋਕ ਮਸੀਹ ਵਿਚ ਆਉਂਦੇ ਹਨ ਉਨ੍ਹਾਂ ਨੂੰ ''ਹਰ ਰੂਹਾਨੀ ਬਰਕਤ'' (ਅਫ਼ਸੀਆਂ 1:3), ਮਿਲਦੀ ਹੈ ਜਿਸ ਵਿਚ ''ਪਾਪਾਂ ਦੀ ਮਾਫ਼ੀ'' (ਅਫ਼ਸੀਆਂ 1:7), ''ਕਿਰਪਾ'' (2 ਤਿਮੋਥਿਉਸ 2:1), ਅਤੇ ''ਹਮੇਸ਼ਾ ਦੀ ਜ਼ਿੰਦਗੀ'' (1 ਯੂਹੰਨਾ 5:11) ਸ਼ਾਮਿਲ ਹੈ। ਅਫ਼ਸੀਆਂ 2:13 ਕਹਿੰਦਾ ਹੈ, ''ਪਰ ਹੁਣ ਮਸੀਹ ਯਿਸੂ ਵਿਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਣ ਨੇੜੇ ਕੀਤੇ ਗਏ ਹੋ।'' ਯਿਸੂ ਤੋਂ ਬਾਹਰ ਲੋਕ ਮਸੀਹ ਤੋਂ ਅੱਡ ਹੋਏ ਹੋਏ ਲੋਕ ਹਨ ਭਾਵ ਉਹ ਆਸ ਦੇ ਬਗੈਰ ਅਤੇ ਖ਼ੁਦਾ ਦੇ ਬਗੈਰ ਹਨ (ਅਫ਼ਸੀਆਂ 2:12)।

ਇਹ ਖ਼ਤ ਭਾਵੇਂ ਉਨ੍ਹਾਂ ਨੂੰ ਲਿਖਿਆ ਗਿਆ ਸੀ **ਜਿਹੜੇ ਕੁਲੁੱਸੇ ਦੇ ਵਾਸੀ** ਸਨ, ਪਰ ਹੈ ਇਹ ਦੂਸਰਿਆਂ ਵਾਸਤੇ ਸੀ (4:16)। ਪੌਲੁਸ ਦੇ ਖ਼ਤਾਂ ਨੂੰ ਰਸੂਲ ਪਤਰਸ ਦੀ ਮੰਜ਼ੂਰੀ ਮਿਲੀ ਸੀ ਅਤੇ ਉਨ੍ਹਾਂ ਨੂੰ ਵੀ ਧਰਮ ਪੁਸਤਕ ਦੀਆਂ ਹੋਰ ਲਿਖਤਾਂ ਦੇ ਨਾਲ ਆਦਰ ਦਿੱਤਾ ਜਾਣਾ ਜ਼ਰੂਰੀ ਹੈ (2 ਪਤਰਸ 3:15, 16)। ਉਨ੍ਹਾਂ ਵਿਚ ਹਰ ਯੁੱਗ ਦੇ ਹਰ ਮਸੀਹੀ ਲਈ ਇਹ ਆਇਤਾਂ ਹਨ। ਜੋ ਕੁਝ ਪੌਲੁਸ ਨੇ ਲਿਖਿਆ ਹੈ ਉਹ ਯਿਸੂ ਦਾ ਹੁਕਮ ਹੈ (1 ਕੁਰਿੰਥੀਆਂ 14:37)।

**''ਸਾਡੇ ਪਿਤਾ ਪਰਮੇਸ਼ੁਰ ਦੀ ਵੱਲੋਂ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ''** (1:2)

ਪੌਲੁਸ ਨੇ ਲਿਖਿਆ, **ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ,** ਜੋ ਉਸ ਦੇ ਜ਼ਿਆਦਾਤਰ ਖ਼ਤਾਂ ਵਿਚ ਸਲਾਮ ਲਿਖਣ ਵਰਗਾ ਹੈ। ''ਕਿਰਪਾ'' ਯੂਨਾਨੀ ਵਿਚ ਕੀਤਾ ਜਾਣ ਵਾਲਾ ਸਲਾਮ ਹੈ (ਆਮ ਤੌਰ ਤੇ ਦੁਨਿਆਵੀ ਯੂਨਾਨੀ ਵਿਚ ਆਮ ਕਿਰਿਆ: *chairein* ਹੈ) ਅਤੇ ''ਸ਼ਾਂਤੀ'' ਯਹੂਦੀ ''ਸਲਾਮ'' ਹੈ। ''ਕਿਰਪਾ'' (*charis*) ਮਨੋਹਰਤਾ, ਖ਼ੂਬਸੂਰਤੀ ਅਤੇ ਹਮਾਇਤ ਹੈ ਜਿਹੜੀ ਕਿਸੇ ਕੋਲ ਹੈ ਜਾਂ ਉਹਦੇ ਵੱਲੋਂ ਵਿਖਾਈ ਜਾਂਦੀ ਹੈ ਅਤੇ ਉਨ੍ਹਾਂ ਲੋਕਾਂ ਵੱਲੋਂ ਪਾਈ ਜਾਂਦੀ ਹੈ ਜਿਨ੍ਹਾਂ ਨੂੰ ਇਹ ਦਿੱਤੀ ਜਾਂਦੀ ਹੈ। ਪਵਿੱਤਰ ਲਿਖਤ ਵਿਚ ''ਕਿਰਪਾ'' ਸ਼ਬਦ ਨੂੰ ਪੰਜ ਤਰੀਕਿਆਂ ਨਾਲ ਵਰਤਿਆ ਗਿਆ ਹੈ:

1. ਕਿਰਪਾਮਈ ਜਾਂ ਖੁਸ਼ (ਲੂਕਾ 4:22; ਕੁਲੁੱਸੀਆਂ 4:6)।
2. ਮੰਜ਼ੂਰੀ ਜਾਂ ਹਮਾਇਤ (ਲੂਕਾ 1:30; ਰਸੂਲਾਂ ਦੇ ਕੰਮ 2:47)।
3. ਦਾਨ (2 ਕੁਰਿੰਥੀਆਂ 4:15; 8:4)।
4. ਸ਼ੁਕਰਗੁਜਾਰੀ ਅਤੇ ਸ਼ੁਕਰਾਨਾ (ਲੂਕਾ 17:9; 1 ਕੁਰਿੰਥੀਆਂ 15:57; ਕੁਲੁੱਸੀਆਂ 3:16; 2 ਤਿਮੋਥਿਉਸ 1:3)।
5. ਕਿਰਪਾ ਜਿਸਨੂੰ ਕਮਾਇਆ ਨਾ ਗਿਆ ਹੋਵੇ ਅਤੇ ਜਿਸ ਦੇ ਕੋਈ ਯੋਗ ਨਾ ਹੋਵੇ ਪਰ ਮੁਫ਼ਤ ਦਿੱਤੀ ਗਈ ਹੋਵੇ (ਰੋਮੀਆਂ 3:24; ਅਫ਼ਸੀਆਂ 2:8)।

ਮੱਤੀ ਜਾਂ ਮਰਕੁਸ ਵਿਚ ਭਾਵੇਂ *charis* ਸ਼ਬਦ ਨਹੀਂ ਮਿਲਦਾ ਪਰ ਲੂਕਾ ਵਿਚ ਇਹ ਅੱਠ ਵਾਰ, ਯੂਹੰਨਾ ਵਿਚ ਚਾਰ ਵਾਰ ਅਤੇ ਪੌਲੁਸ ਦੇ ਖ਼ਤਾਂ ਵਿਚ ਇਕ ਸੌ ਵਾਰ ਮਿਲਦਾ ਹੈ।

ਸਪਤਤੀ ਅਨੁਵਾਦ (LXX) ਵਿਚ ਇਬਰਾਨੀ ਸ਼ਬਦ *chen* ਦੇ ਅਨੁਵਾਦ ਦੇ ਰੂਪ ਵਿਚ *charis* ਸ਼ਬਦ ਵਰਤਿਆ ਗਿਆ ਹੈ ਜੋ ਕਿਸੇ ਵੱਡੇ ਆਦਮੀ ਵਲੋਂ ਦਿੱਤੀਆਂ ਗਈਆਂ ਬਰਕਤਾਂ ਦੇ ਆਨੰਦ ਨੂੰ ਵਿਖਾਉਂਦਾ ਹੈ। ਇਸ ਦੀ ਵਰਤੋਂ ਲੋਕਾਂ ਉੱਤੇ ਵਿਖਾਈ ਗਈ ਖ਼ੁਦਾ ਦੀ ਕਿਰਪਾ ਭਰੀ ਕਿਰਪਾ ਅਤੇ ਦਿਆਲੁਤਾ ਲਈ ਹੋ ਸਕਦੀ ਹੈ। ਦਿਆਲੁਤਾ (ਰੋਮੀਆਂ 15:15) ਜਾਂ ਪਾਪੀਆਂ ਤੇ ਵਿਖਾਈ ਗਈ ਉਸ ਦੀ ਕਿਰਪਾ ਦੇ ਲਈ ਜਿਸ ਦੇ ਕੋਈ ਯੋਗ ਨਾ ਹੋਵੇ (ਅਫ਼ਸੀਆਂ 2:8) ਹੋ ਸਕਦਾ ਹੈ। ਖ਼ੁਦਾ ਅਤੇ ਮਨੁੱਖ ਵਿਚਲੇ ਫ਼ਾਸਲੇ ਨੂੰ ਕਿਰਪਾ ਦੇ ਰਾਹੀਂ ਮਿਟਾਇਆ ਗਿਆ ਹੈ।

ਯਿਸੂ ਨੇ ਆਪਣੇ ਲਹੂ ਦੇ ਰਾਹੀਂ (ਅਫ਼ਸੀਆਂ 1:7), ਜਿਹੜਾ ਉਸ ਨੇ ਸਲੀਬ ਉੱਤੇ ਵਹਾਇਆ ਸਭ ਲੋਕਾਂ ਲਈ ਕਿਰਪਾ ਦੀ ਪੇਸ਼ਕਸ਼ ਕੀਤੀ ਹੈ (ਰੋਮੀਆਂ 5:15)। ਇਸ ਕਿਰਪਾ ਨੂੰ ਪਾਉਣ ਲਈ ਨਿਹਚਾ ਦੇ ਰਾਹੀਂ (ਰੋਮੀਆਂ 5:2), ਭਾਵ ਉਸ ਈਮਾਨ ਦੇ ਰਾਹੀਂ ਹੁੰਦੀ ਹੈ ਜਿਹੜਾ ਖ਼ੁਦਾ ਦੀ ਇੱਛਾ ਨੂੰ ਮੰਨਣ ਵਾਲਾ ਹੈ (ਯਾਕੂਬ 2:24)। ਮੁਕਤੀ ਖ਼ੁਦਾ ਦੇ ਕਿਰਪਾ ਨਾਲ ਭਰੇ ਹੋਣ ਕਰਕੇ ਦਿੱਤੀ ਜਾਂਦੀ ਹੈ (ਅਫ਼ਸੀਆਂ 2:8, 9) ਅਤੇ ਇਸ ਨੂੰ ਮਨੁੱਖੀ ਲਿਆਕਤ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ। ਯਿਸੂ ਨੇ ਭਾਵੇਂ ਲੋਕਾਂ ਲਈ ਮੁਕਤੀ ਨੂੰ ਕਮਾਇਆ (ਮੱਤੀ 1:21), ਪਰ ਉਸ ਮੁਕਤੀ ਨੂੰ ਸਿਰਫ਼ ਉਸ ਦੇ ਹੁਕਮ ਮੰਨਣ ਨਾਲ ਹੀ ਪਾਇਆ ਜਾ ਸਕਦਾ ਹੈ (ਇਬਰਾਨੀਆਂ 5:9)। ਉਸ ਨੇ ਆਪਣੀ ਮੌਤ ਵਿਚ ਦੂਜਿਆਂ ਦੇ ਹੱਥੀਂ ਆਪਣੇ ਆਪ ਨੂੰ ਦੇ ਦਿੱਤਾ; ਇਸ ਗੱਲ ਵਿਚ ਉਸ ਨੇ ਬਚਾਉਣ ਜਾਂ ਮੁਕਤੀ ਦੁਆਉਣ ਲਈ ਕੋਈ ਕੰਮ ਨਹੀਂ ਕੀਤਾ। ਇਸੇ ਤਰ੍ਹਾਂ ਨਾਲ ਉਸ ਦੀ ਮੌਤ ਵਿਚ ਬਪਤਿਸਮਾ ਲੈਣ ਲਈ (ਰੋਮੀਆਂ 6:3) ਅਤੇ ਪਾਪਾਂ ਦੀ ਮਾਫ਼ੀ ਪਾਉਣ ਲਈ (ਰਸੂਲਾਂ ਦੇ ਕੰਮ 2:38) ਦੂਜੇ ਦੇ ਹੱਥ ਵਿਚ ਆਪਣੇ ਆਪ ਨੂੰ ਦੇਣਾ ਲਾਜ਼ਮੀ ਹੈ। ਮਸੀਹ ਵਿਚ ਕਿਰਪਾ (2 ਤਿਮੋਥਿਉਸ 2:1) ਤਦੇ ਪ੍ਰਭਾਵੀ ਹੁੰਦੀ ਹੈ ਜਦੋਂ ਪਾਪੀ ਆਦਮੀ ਮਸੀਹ ਵਿਚ ਬਪਤਿਸਮਾ ਲੈਂਦਾ ਹੈ। ਮਨੁੱਖੀ ਗੁਣ ਦੇ ਧਾਰਮਿਕ ਕੰਮਾਂ ਦੇ ਰਾਹੀਂ ਨਹੀਂ ਬਲਕਿ ਹਲੀਮੀ ਨਾਲ ਅਧੀਨਤਾ ਦੇ ਰਾਹੀਂ ਨਵੇਂ ਜਨਮ ਦਾ ਇਸ਼ਨਾਨ ਮਿਲਦਾ ਹੈ (ਤੀਤੁਸ 3:5–7)। ਇਸ ਕਰਕੇ ਮੁਕਤੀ ਯਿਸੂ ਦੀ ਮੌਤ ਅਤੇ ਜ਼ਿੰਦਗੀ ਦੇ ਰਾਹੀਂ ਦਿੱਤੀ ਜਾਂਦੀ ਹੈ (ਰੋਮੀਆਂ 5:9, 10)।

ਕੁਲੁੱਸੀਆਂ ਦੇ ਨਾਂਅ ਆਪਣੇ ਸਲਾਮ ਵਿਚ ਪੌਲੁਸ ਉਸ ਨਾ ਕਮਾਈ ਹੋਈ ਕਿਰਪਾ ਦੀ ਗੱਲ ਨਹੀਂ ਕਰ ਰਿਹਾ ਸੀ ਜਿਸ ਨਾਲ ਮੁਕਤੀ ਮਿਲਦੀ ਹੈ। ਉਨ੍ਹਾਂ ਨੂੰ ਮੁਕਤੀ ਪਹਿਲਾਂ ਹੀ ਮਿਲ ਚੁੱਕੀ ਸੀ। ਬਲਕਿ ਉਹ ਚਾਹੁੰਦਾ ਸੀ ਕਿ ਉਹ ਆਪਣੇ ਕਿਰਪਾ ਨਾਲ ਭਰੇ ਸਿਰਜਣਹਾਰ ਤੋਂ ਰੋਜ਼ ਕਿਰਪਾ ਪਾਉਂਦੇ ਰਹਿਣ, ਜਿਸ ਨਾਲ ਉਨ੍ਹਾਂ ਦੀ ਜਿਸਮਾਨੀ ਅਤੇ ਰੂਹਾਨੀ ਭਲਿਆਈ ਲਈ ਉਪਾਅ ਕਰਨਾ ਸੀ। ਮਸੀਹੀਅਤ ਵਿਚ ਸਿਰਫ਼ ਬਚਾਏ ਜਾਣ ਲਈ ਹੀ ਕਿਰਪਾ ਹੋਣੀ ਹੀ ਨਹੀਂ, ਲਗਾਤਾਰ ਭਰਪੂਰੀ ਦੀ ਜ਼ਿੰਦਗੀ ਵੀ ਹੈ (ਯੂਹੰਨਾ 10:10)। ਜਿਸ ਨਾਲ ਆਤਮਾ ਲਈ ਇਕ ਤੰਦਰੁਸਤ ਸੰਤੁਸ਼ਟੀ ਮਿਲਦੀ ਹੈ। ਇਹੀ ਉਹ ਕਿਰਪਾ ਹੈ ਜਿਸ ਨੂੰ ਪੌਲੁਸ ਨੇ ਉਨ੍ਹਾਂ ਵਾਸਤੇ ਖ਼ੁਦਾ ਤੋਂ ਚਾਹਿਆ।

ਪੌਲੁਸ ਨੇ **ਪਰਮੇਸ਼ੁਰ ਦੇ ਵੱਲੋਂ ਸ਼ਾਂਤੀ** ਦੀ ਵੀ ਗੱਲ ਕੀਤੀ। ''ਸ਼ਾਂਤੀ'' ਲਈ ਇਬਰਾਨੀ ਸ਼ਬਦ *shalom* ਹੈ ਜਿਸ ਦਾ ਅਰਥ ਖ਼ੁਦਾ ਵੱਲੋਂ ਮਿਲੀਆਂ ਬਰਕਤਾਂ ਕਰਕੇ ਤੰਦਰੁਸਤ ਹਾਲਤ ਹੈ। ''ਸ਼ਾਂਤੀ'' ਵਾਸਤੇ ਯੂਨਾਨੀ ਸ਼ਬਦ *eirēnē* ਹੈ। ਸ਼ਾਂਤੀ ਵਿਚ ਮੇਲ, ਸ਼ਾਂਤ ਭਲਿਆਈ, ਪਰੇਸ਼ਾਨ ਮਨ ਤੋਂ ਮੁਕਤੀ, ਅਤੇ ਬਿਨਾਂ ਝਗੜੇ ਜਾਂ ਅੰਦਰੂਨੀ ਕਲੇਸ਼ਾਂ ਦੀ ਰੂਹਾਨੀ ਚੋਣ ਆ ਜਾਂਦੀ ਹੈ। ਯਿਸੂ ਆਪਣੇ ਚੇਲਿਆਂ ਲਈ ਸ਼ਾਂਤੀ ਦਿੰਦਾ ਹੈ। ਇਹ ਉਹ ਸ਼ਾਂਤੀ ਨਹੀਂ ਹੈ ਜਿਹੜੀ ਸੰਸਾਰ ਦਿੰਦਾ ਹੈ (ਯੂਹੰਨਾ 14:27), ਨਾ ਹੀ ਇਹ ਕਲੇਸ਼ ਦੇ ਬਗ਼ੈਰ ਸ਼ਾਂਤੀ ਹੈ (ਯੂਹੰਨਾ 16:33)।

ਇਹ ਖ਼ਤ ਮਸੀਹੀ ਲੋਕਾਂ ਦੇ ਨਾਂਅ ਲਿਖਿਆ ਗਿਆ ਸੀ। ਜਿਨ੍ਹਾਂ ਨੂੰ ਯਿਸੂ ਦੇ ਰਾਹੀਂ ਖ਼ੁਦਾ

ਨਾਲ ਮਿਲਾਏ ਜਾਣ ਨਾਲ ਪਹਿਲਾਂ ਹੀ ਸ਼ਾਂਤੀ ਮਿਲ ਚੁੱਕੀ ਸੀ। ਇਸ ਸ਼ਾਂਤੀ ਦੀ ਚਰਚਾ ਕੁਲੁੱਸੀਆਂ 1:20–22 ਵਿਚ ਕੀਤੀ ਗਈ ਹੈ, ਪਰ ਇੱਥੇ ਪੌਲੁਸ ਦਾ ਧਿਆਨ ਇਸ ਗੱਲ ਉੱਤੇ ਸੀ ਕਿ ਉਹ ਕਾਇਮ ਰਹਿਣ ਵਾਲੀ ਸ਼ਾਂਤੀ ਦੀ ਇੱਛਾ ਕਰ ਰਿਹਾ ਸੀ, ਜਿਸ ਨਾਲ ਖ਼ੁਦਾ ਨਾਲ ਮੇਲ ਹੁੰਦਾ ਹੈ, ਅਤੇ ਪਰੇਸ਼ਾਨ ਸੰਸਾਰ ਵਿਚ ਸ਼ਾਂਤ ਅਤੇ ਅਡੋਲ ਮਨ ਮਿਲਦਾ ਹੈ।

ਮਸੀਹੀ ਲੋਕਾਂ ਦੇ ਰੂਪ ਵਿਚ ਸਾਡੇ ਲਈ ''ਚੈਨ ਅਤੇ ਸੁੱਖ'' ਨਾਲ ਜ਼ਿੰਦਗੀ ਲਈ ਦੁਆ ਕਰਨੀ (1 ਤਿਮੋਥਿਉਸ 2:2) ਅਤੇ ਆਪਣੀਆਂ ਚਿੰਤਾਵਾਂ ਨੂੰ ਆਪਣੀਆਂ ਦੁਆਵਾਂ ਵਿਚ ਖ਼ੁਦਾ ਨੂੰ ਸੌਂਪ ਦੇਣਾ ਜ਼ਰੂਰੀ ਹੈ (1 ਪਤਰਸ 5:7)। ਨਤੀਜਾ ਇਹ ਹੋਵੇਗਾ ਕਿ ''ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ'' (ਫ਼ਿਲਿੱਪੀਆਂ 4:6, 7)। ਖ਼ੁਦਾ ਦੀ ਸ਼ਾਂਤੀ ਨੂੰ ਪਾਉਣ ਲਈ ਸਾਡੀ ਸੋਚ ਅਤੇ ਕੰਮ ਖ਼ੁਦਾ ਦੀਆਂ ਉਮੀਦਾਂ ਨਾਲ ਮੇਲ ਖਾਂਦੇ ਹੋਣੇ ਜ਼ਰੂਰੀ ਹਨ (ਫ਼ਿਲਿੱਪੀਆਂ 4:8, 9)। ਪੌਲੁਸ ਦੀ ਇੱਛਾ ਸੀ ਕਿ ਕੁਲੁੱਸੀਆਂ ਨੂੰ ਕਿਰਪਾ ਅਤੇ ਸ਼ਾਂਤੀ ਖ਼ੁਦਾ ਵੱਲੋਂ ਮਿਲੇਗੀ। ਕਿਉਂ ਜੋ ਇਸ ਦਾ ਦੇਣ ਵਾਲਾ ਅਸਲ ਵਿਚ ਇੱਕੋ ਇਕ ਹੈ।

ਪੌਲੁਸ ਨੇ ਆਪਣੇ ਸਲਾਮ ਦੀ ਸਮਾਪਤੀ ਕਰਨ ਲਈ **ਸਾਡੇ ਪਿਤਾ ਪਰਮੇਸ਼ੁਰ ਦੀ ਵੱਲੋਂ** ਜੋੜ ਦਿੱਤਾ। ਪੌਲੁਸ ਦੇ ਖ਼ਤਾਂ ਦੀ ਜਾਣ ਪਛਾਣ ਵਿਚ ਆਇਤ 2 ਹੀ ਉਹ ਇੱਕੋ ਥਾਂ ਹੈ ਜਿਸ ਵਿਚ ''ਅਤੇ ਯਿਸੂ ਮਸੀਹ'' ਨੂੰ ਜੋੜੇ ਬਗੈਰ ਪਿਤਾ ਦਾ ਜ਼ਿਕਰ ਹੈ। ''ਪਰਮੇਸ਼ੁਰ'' ਸ਼ਬਦ ਖ਼ੁਦਾਈ ਲਈ ਹੈ। ਪਿਤਾ ਦੀ ਗੱਲ ਕਰਨ ਤੋਂ ਇਲਾਵਾ ਯਿਸੂ ਦੇ ਸਬੰਧ ਵਿਚ ''ਪਰਮੇਸ਼ੁਰ'' (ਯੂਹੰਨਾ 1:1) ਦੀ ਵੀ ਵਰਤੋਂ ਹੁੰਦੀ ਹੈ। ਨਵੇਂ ਨੇਮ ਵਿਚ ਵੀ ਬਹੁਤ ਸਾਰੇ ਮਾਮਲਿਆਂ ਵਾਂਗ ਇੱਥੇ ਯਿਸੂ ਅਤੇ ਪਵਿੱਤਰ ਆਤਮਾ ਦੀ ਥਾਂ (ਰਸੂਲਾਂ ਦੇ ਕੰਮ 5:3, 4) ਪਿਤਾ ਲਈ ''ਪਰਮੇਸ਼ੁਰ'' ਹੀ ਵਰਤਿਆ ਗਿਆ ਹੈ। ਮਸੀਹੀ ਲੋਕ ਖ਼ੁਦਾ ਨੂੰ ਮੂਲ ਅਤੇ ਸੰਭਾਲ ਦੇ ਅਰਥ ਵਿਚ ''ਸਾਡਾ ਪਿਤਾ'' ਆਖ ਸਕਦੇ ਹਨ। ਜਿਵੇਂ ਬੱਚਾ ਆਪਣੇ ਵਜੂਦ ਅਤੇ ਦੇਖਭਾਲ ਲਈ ਆਪਣੇ ਦੁਨਿਆਵੀ ਪਿਤਾ ਦਾ ਦੇਣਦਾਰ ਹੁੰਦਾ ਹੈ ਉਵੇਂ ਹੀ ਆਪਣੇ ਵਜੂਦ ਅਤੇ ਆਪਣੀ ਲੋੜ ਦੀ ਹਰ ਚੀਜ਼ ਮੁਹੱਈਆ ਕਰਵਾਉਣ ਲਈ ਭਾਵੇਂ ਉਹ ਜਿਸਮਾਨੀ ਹੋਵੇ ਜਾਂ ਰੂਹਾਨੀ, ਸਭ ਲੋਕ ਖ਼ੁਦਾ ਦੇ ਦੇਣਦਾਰ ਹਨ। ਇਕ ਖ਼ਾਸ ਅਰਥ ਵਿਚ ਮਸੀਹੀ ਲੋਕ ਉਸ ਨੂੰ *ਆਪਣਾ ਪਿਤਾ* ਆਖ ਸਕਦੇ ਹਨ। ਪੌਲੁਸ ਨੇ ਕਈ ਵਾਰ ''ਸਾਡੇ ਪਿਤਾ'' ਵਾਕ ਅੰਸ਼ ਦੀ ਵਰਤੋਂ ਕੀਤੀ ਜਿਸ ਵਿਚ ਜ਼ਿਆਦਾਤਰ ਸਲਾਮਾਂ ਜਾਂ ਖ਼ਤ ਦੇ ਸ਼ੁਰੂਆਤ ਵਿਚ ਹੈ। ਯਿਸੂ ਨੇ ਚੇਲਿਆਂ ਨੂੰ ਦੱਸਿਆ ਕਿ ਖ਼ੁਦਾ ਨੂੰ ''ਹੇ ਸਾਡੇ ਪਿਤਾ'' ਆਖ ਕੇ ਸੰਬੋਧਿਤ ਕਰਨ। ਬਾਰ ਬਾਰ ਮਸੀਹ ਨੇ ਖ਼ੁਦਾ ਨੂੰ ''ਤੁਹਾਡਾ ਪਿਤਾ'' ਆਖਿਆ (ਜਿਵੇਂ ਮੱਤੀ 5:16, 45)।

## ਹੋਰ ਅਧਿਐਨ ਲਈ

**''ਮਸੀਹ ਵਿਚ''**

''ਮਸੀਹ ਵਿਚ'' ਹੋਣ ਦੀ ਅਹਿਮ ਧਾਰਣਾ ਦੀ ਵਰਤੋਂ ਜ਼ਿਆਦਤਰ ਪੌਲੁਸ ਵੱਲੋਂ ਕੀਤੀ ਗਈ ਹੈ। (ਉਸ ਦੇ ਖ਼ਤਾਂ ਤੋਂ ਬਾਹਰ ਇਹ ਸ਼ਬਦ ਯੂਹੰਨਾ 15:2–6; 1 ਪਤਰਸ 3:16; 5:14; 1 ਯੂਹੰਨਾ 1:5; 2:5; 27, 28; 3:6; 5:11; ਪ੍ਰਕਾਸ਼ ਦੀ ਪੋਥੀ 14:13 ਵਿਚ ਮਿਲਦਾ ਹੈ।) ਕੁਲੁੱਸੀਆਂ 1 ਅਤੇ 2 ਵਿਚ ਪੌਲੁਸ ਨੇ ਯਿਸੂ ਦੇ ਗੁਣਾਂ ਅਤੇ ਉਸ ਸਬੰਧ ਦੇ ਵਰਣਨ ਲਈ ਜਿਹੜਾ ਮਸੀਹੀ ਲੋਕਾਂ ਦਾ ਹੈ ''ਮਸੀਹ ਵਿਚ'' ਜਾਂ ''ਉਸ ਵਿਚ'' ਦੀ ਵਰਤੋਂ ਕੀਤੀ।

- ਮਸੀਹ ਵਿਚ ਰੂਹਾਨੀ ਸਬੰਧ ਵਿਚ ਰਹਿਣ ਵਾਲੇ (1:2, 4, 28)।
- ਉਸ ਦੀ ਕਾਇਮ ਰੱਖਣ ਵਾਲੀ ਸਮਰੱਥਾ (1:17)।

- ਸਾਰੀ ਸਰਿਸ਼ਟੀ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਉਸ ਦੀ ਭਰਪੂਰੀ (1:19)।
- ਉਸ ਦਾ ਰੂਹਾਨੀ ਦਾਇਰਾ ਜਿਸ ਵਿਚ ਮਸੀਹੀ ਲੋਕਾਂ ਨੂੰ ਚੱਲਣਾ ਅਤੇ ਬਣਨਾ ਜ਼ਰੂਰੀ ਹੈ (2:6, 7)।
- ਉਸ ਦੀ ਭਰਪੂਰ ਖ਼ੁਦਾਈ (2:9)।
- ਉਸ ਦਾ ਮਸੀਹੀ ਲੋਕਾਂ ਨੂੰ ਸੰਪੂਰਣ ਬਣਾਉਣਾ (2:10)।
- ਰੂਹਾਨੀ ਸੁੰਨਤ ਜਿਹੜੀ ਉਹ ਬਪਤਿਸਮੇ ਵਿਚ ਦਿੰਦਾ ਹੈ (2:11)।

ਆਪਣੇ ਹੋਰ ਲੇਖਾਂ ਵਿਚ ਪੌਲੁਸ ਨੇ ਉਹਦੇ ਨਾਲ ਆਪਣੇ ਸਬੰਧ ਕਰਕੇ ਯਿਸੂ ਦੇ ਰੂਹਾਨੀ ਚੇਲਿਆਂ ਦੇ ਵਰਣਨ ਲਈ ''ਮਸੀਹ ਵਿਚ'' ਅਤੇ ''ਉਸ ਵਿਚ'' ਦੀ ਵਰਤੋਂ ਕੀਤੀ। ਇਹ ਲੋਕ ਵੱਖੋ ਵੱਖ ਮੰਡਲੀਆਂ ਦੇ ਲੋਕ ''ਜਾਂ ਮਸੀਹੀ ਸਨ ਜਿਹੜੇ'' ''ਮਸੀਹ ਵਿਚ'' ਜਾਂ ''ਪ੍ਰਭੂ ਵਿਚ'' ਸਨ।[10]

ਹਰ ਤਰ੍ਹਾਂ ਦੀ ਰੂਹਾਨੀ ਬਰਕਤ ''ਮਸੀਹ ਵਿਚ'' ਮਿਲਦੀ ਹੈ (ਅਫ਼ਸੀਆਂ 1:3)। ਇਨ੍ਹਾਂ ਬਰਕਤਾਂ ਵਿਚ ਹੇਠ ਦੱਸੀਆਂ ਬਰਕਤਾਂ ਸ਼ਾਮਿਲ ਹਨ:

1. ਛੁਟਕਾਰਾ (ਰੋਮੀਆਂ 3:24; ਅਫ਼ਸੀਆਂ 1:7)
2. ਮਾਫ਼ੀ (ਅਫ਼ਸੀਆਂ 1:7; ਕੁਲੁੱਸੀਆਂ 1:14)
3. ਹਮੇਸ਼ਾ ਦੀ ਜ਼ਿੰਦਗੀ (ਰੋਮੀਆਂ 6:23; 2 ਤਿਮੋਥਿਉਸ 1:1; 1 ਯੂਹੰਨਾ 5:11)
4. ਪਵਿੱਤਰ ਕੀਤਾ ਜਾਣਾ (1 ਕੁਰਿੰਥੀਆਂ 1:2)
5. ਕਿਰਪਾ (1 ਕੁਰਿੰਥੀਆਂ 1:4; 2 ਤਿਮੋਥਿਉਸ 1:9; 2:1)
6. ਨਵੀ ਸਰਿਸ਼ਟ ਬਣਨਾ (2 ਕੁਰਿੰਥੀਆਂ 5:17)
7. ਮਿਲਾਪ (2 ਕੁਰਿੰਥੀਆਂ 5:19)
8. ਧਰਮੀ ਬਣਾਏ ਜਾਣਾ (2 ਕੁਰਿੰਥੀਆਂ 5:21)
9. ਖ਼ੁਦਾ ਦੇ ਨੇੜੇ ਲਿਆਂਦੇ ਜਾਣਾ (ਅਫ਼ਸੀਆਂ 2:13)
10. ਮੁਕਤੀ (2 ਤਿਮੋਥਿਉਸ 2:10)

ਅਸੀਂ ''ਮਸੀਹ ਵਿਚ'' ਕਿਵੇਂ ਹੋ ਸਕਦੇ ਹਾਂ? ''ਮਸੀਹ ਵਿਚ'' ਆਉਣ ਵਾਲੇ ਆਦਮੀ ਨੂੰ ਉਸ ਦੀ ਹਰ ਰੂਹਾਨੀ ਬਰਕਤ ਮਿਲਦੀ ਹੈ। ਇਹ ਸੱਚ ਹੈ ਇਸ ਕਰਕੇ ਦੋ ਖ਼ਾਸ ਸਵਾਲਾਂ ਦਾ ਜਵਾਬ ਦਿੱਤਾ ਜਾਣਾ ਜ਼ਰੂਰੀ ਹੈ। ਪਹਿਲਾ ਸਵਾਲ ਹੈ ਕਿ ''ਕੋਈ ਮਸੀਹ ਵਿਚ ਕਿਵੇਂ ਆਉਂਦਾ ਹੈ?'' ਪੌਲੁਸ ਦਾ ਜਵਾਬ ਹੈ ''ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ?'' (ਰੋਮੀਆਂ 6:3); ''ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ'' (ਗਲਾਤੀਆਂ 3:27)। ਬਪਤਿਸਮਾ ਲੈਣ ਵਾਲਿਆਂ ਲਈ ਪਹਿਲਾਂ ਇੰਜੀਲ ਨੂੰ ਸੁਣਨਾ (ਯੂਹੰਨਾ 6:45), ਨਿਹਚਾ ਕਰਨਾ (ਮਰਕੁਸ 16:15, 16), ਤੌਬਾ ਕਰਨਾ (ਰਸੂਲਾਂ ਦੇ ਕੰਮ 2:38), ਅਤੇ ਯਿਸੂ ਦੇ ਪ੍ਰਭੂ ਹੋਣ ਦਾ ਇਕਰਾਰ ਕਰਨਾ (ਰਸੂਲਾਂ ਦੇ ਕੰਮ 8:37; ਰੋਮੀਆਂ 10:9, 10) ਜ਼ਰੂਰੀ ਹੈ। ਦੂਜਾ ਸਵਾਲ ਹੈ ਕਿ ''ਜਿਸ ਨੇ ਬਪਤਿਸਮਾ ਲੈ ਲਿਆ ਹੈ ਉਸ ਨੂੰ ਕਿਵੇਂ ਪਤਾ ਲਗ ਸਕਦਾ ਹੈ ਕਿ ਉਹ ਅਜੇ ਵੀ ਮਸੀਹ ਵਿਚ ਹੈ?'' ਯੂਹੰਨਾ ਦੇ ਲੇਖਾਂ ਵਿਚ ਇਸਦਾ ਜਵਾਬ ਮਿਲਦਾ ਹੈ: ''ਪਰ ਜੇ ਕੋਈ ਉਹ ਦੇ ਵਚਨ ਦੀ ਪਾਲਨਾ ਕਰਦਾ ਹੋਵੇ ਓਸ ਵਿਚ ਪਰਮੇਸ਼ੁਰ ਦਾ ਪ੍ਰੇਮ ਸੱਚੀਂ ਮੁੱਚੀਂ ਸੰਪੂਰਨ ਕੀਤਾ ਹੋਇਆ ਹੈ। ਇਸ਼ ਤੋਂ ਅਸੀਂ ਜਾਣਦੇ ਹਾਂ ਜੋ ਅਸੀਂ ਉਹ ਦੇ ਵਿਚ ਹਾਂ'' (1 ਯੂਹੰਨਾ 2:5); ''ਅਤੇ ਜਿਹੜਾ

ਉਹ ਦੇ ਹੁਕਮਾਂ ਦੀ ਪਾਲਨਾ ਕਰਦਾ ਹੈ ਇਹ ਉਹ ਦੇ ਵਿਚ ਅਤੇ ਉਹ ਇਹ ਦੇ ਵਿਚ ਰਹਿੰਦਾ ਹੈ। ਉਹ ਨੇ ਆਤਮਾ ਸਾਨੂੰ ਦਿੱਤਾ ਹੈ, ਇਸ਼ ਤੋਂ ਅਸੀਂ ਜਾਣਦੇ ਹਾਂ ਭਈ ਉਹ ਸਾਡੇ ਵਿਚ ਰਹਿੰਦਾ ਹੈ'' (1 ਯੂਹੰਨਾ 3:24)।

## ਪ੍ਰਾਸੰਗਿਕਤਾ

**ਰਸੂਲ ਯਿਸੂ ਦੇ ਚੁਣੇ ਹੋਏ ਦੂਤ** (1:1)

ਪੌਲੁਸ ਨੇ ਕੁਲੁੱਸੀਆਂ ਦੇ ਨਾਂਅ ਆਪਣੇ ਖ਼ਤ ਦਾ ਆਰੰਭ ਉਨ੍ਹਾਂ ਨੂੰ ਇਹ ਯਕੀਨ ਦੁਆਉਂਦਿਆਂ ਕੀਤਾ ਕਿ ਉਹ ਯਿਸੂ ਮਸੀਹ ਦਾ ਇਕ ਰਸੂਲ ਹੈ, ਯਿਸੂ ਨੇ ਕਈਆਂ ਨੂੰ ਰਸੂਲ ਹੋਣ ਲਈ ਦੇ ਦਿੱਤਾ ਹੈ (ਅਫ਼ਸੀਆਂ 4:11), ਪਰ ਸਾਰੇ ਲੋਕ ਰਸੂਲ ਨਹੀਂ ਹਨ (1 ਕੁਰਿੰਥੀਆਂ 12:28, 29)। ਇਨ੍ਹਾਂ ਦਾ ਕਲੀਸੀਆ ਵਿਚ ਇਕ ਖ਼ਾਸ ਨਾਂਅ ਸੀ।

(1) *ਰਸੂਲ ਸਚਿਆਈ ਦੇ ਗੁਲਾਮ ਸਨ।* ਰਸੂਲ ਨਾ ਸਿਰਫ਼ ਮੁੱਢਲੀ ਕਲੀਸੀਆ ਲਈ ਅਹਿਮ ਸਨ ਬਲਕਿ ਉਨ੍ਹਾਂ ਨੂੰ ਯਿਸੂ ਵੱਲੋਂ ਦਿੱਤੀ ਗਈ ਖ਼ਾਸ ਸਿੱਖਿਆ ਅਤੇ ਇਖ਼ਤਿਆਰ ਦੇ ਕਾਰਣ ਸਾਡੇ ਲਈ ਵੀ ਖ਼ਾਸ ਹਨ। ਉਸ ਨੇ ਉਨ੍ਹਾਂ ਨੂੰ ਸਿਖਾ ਕੇ, ਉਨ੍ਹਾਂ ਨੂੰ ਸਿਖਲਾਈ ਦੇ ਕੇ ਅਤੇ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ ਭੇਜ ਕੇ ਤਿਆਰ ਕੀਤਾ (ਮਰਕੁਸ 3:14)।

(2) ਕਲੀਸੀਆ ਦਾ ਰਸੂਲਾਂ ਉੱਤੇ ਬਣਨਾ ਜ਼ਰੂਰੀ ਹੈ ਕਿਉਂ ਜੋ ਉਹ ਨੀਂਹ ਹਨ (ਅਫ਼ਸੀਆਂ 2:20)। ਉਨ੍ਹਾਂ ਨੂੰ ਆਪਣੀਆਂ ਸਿੱਖਿਆਵਾਂ ਪਵਿੱਤਰ ਆਤਮਾ ਤੋਂ ਮਿਲੀਆਂ ਸਨ (ਅਫ਼ਸੀਆਂ 3:5)। ਜੇ ਕੋਈ ਕਿਸੇ ਹੋਰ ਸੰਦੇਸ਼ ਨੂੰ ਦੱਸਦਾ ਤਾਂ ਸੁਰਗ ਦੀ ਤਰਫ਼ੋਂ ਉਸ ਉੱਤੇ ਸਰਾਪ ਹੋਣਾ ਸੀ (ਗਲਾਤੀਆਂ 1:8, 9)।

(3) *ਰਸੂਲਾਂ ਦੀਆਂ ਸਿੱਖਿਆਵਾਂ ਅੱਜ ਸਾਡੇ ਲਈ ਹਨ।* ਯਿਸੂ ਨੇ ਰਸੂਲਾਂ ਨੂੰ ਆਪਣਾ ਕਮਿਸ਼ਨ ਦਿੰਦਿਆਂ ਉਨ੍ਹਾਂ ਨੂੰ ਆਪਣਾ ਕੰਮ ਸਮਝਾ ਦਿੱਤਾ (ਮੱਤੀ 28:19, 20):

- ਉਨ੍ਹਾਂ ਨੇ ਸਭ ਕੌਮਾਂ ਦੇ ਲੋਕਾਂ ਨੂੰ ਚੇਲੇ ਬਣਾਉਣਾ ਸੀ।
- ਉਨ੍ਹਾਂ ਨੇ ਲੋਕਾਂ ਨੂੰ ਉਨ੍ਹਾਂ ਸਭ ਗੱਲਾਂ ਨੂੰ ਮੰਨਣਾ ਸਿਖਾਉਣਾ ਸੀ ਜਿਨ੍ਹਾਂ ਦਾ ਯਿਸੂ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ।
- ਉਸ ਦੀਆਂ ਸਿੱਖਿਆਵਾਂ ਅਤੇ ਹੁਕਮ ਮਸੀਹੀ ਯੁੱਗ ਦੇ ਅਖ਼ੀਰ ਤਕ ਸਭ ਕੌਮਾਂ ਲਈ ਹਨ।

ਰਸੂਲ ਜਿਨ੍ਹਾਂ ਨੇ ਲਿਖਿਆ, ਉਸ ਸੰਦੇਸ਼ ਨੂੰ ਜਿਹੜਾ ਉਨ੍ਹਾਂ ਨੂੰ ਮਿਲਿਆ ਸੀ ਸੰਭਾਲੀ ਰੱਖਣ ਲਈ ਅਜਿਹਾ ਕੀਤਾ, ਤਾਂ ਜੋ ਉਨ੍ਹਾਂ ਦੀ ਮੌਤ ਦੇ ਬਾਅਦ ਲੋਕਾਂ ਨੂੰ ਪਤਾ ਲਗ ਸਕੇ ਕਿ ਉਨ੍ਹਾਂ ਉੱਤੇ ਕੀ ਪਰਗਟ ਕੀਤਾ ਗਿਆ ਸੀ (2 ਪਤਰਸ 1:15; 3:1, 2)। ਜੋ ਕੁਝ ਉਨ੍ਹਾਂ ਨੇ ਲਿਖਿਆ ਉਸ ਨੂੰ ''ਪ੍ਰਭੂ ਦੇ ਹੁਕਮ'' ਮੰਨਣਾ ਜ਼ਰੂਰੀ ਹੈ (1 ਕੁਰਿੰਥੀਆਂ 14:37)। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਚੌਕਸ ਰਹਿਣਾ ਜ਼ਰੂਰੀ ਹੈ ਕਿ ਅਸੀਂ ਮਸੀਹ ਦੀ ਉਸ ਨੀਂਹ ਉੱਤੇ ਜਿਹੜੀ ਰਸੂਲਾਂ ਦੇ ਰਾਹੀਂ ਰੱਖੀ ਗਈ, ਰੱਦਾ ਕਿਵੇਂ ਰੱਖਦੇ ਹਾਂ (1 ਕੁਰਿੰਥੀਆਂ 3:10)।

ਰਸੂਲਾਂ ਨੂੰ ਸਾਰੀ ਸਚਿਆਈ ਦੇ ਦਿੱਤੀ ਗਈ ਸੀ। ਉਨ੍ਹਾਂ ਨੇ ਇਸ ਸਚਿਆਈ ਨੂੰ ਸਭ ਕੌਮਾਂ ਵਿਚ ਜਾ ਕੇ ਸੁਣਾਉਣਾ ਸੀ। ਅੱਜ ਦੀ ਕਲੀਸੀਆ ਰਸੂਲਾਂ ਵੱਲੋਂ ਸਿਖਾਈਆਂ ਗਈਆਂ ਸਿੱਖਿਆਵਾਂ ਤੋਂ ਅੱਗੇ ਨਹੀਂ ਵਧ ਸਕਦੀ। ਨਵੇਂ ਨੇਮ ਦੇ ਅਧੀਨ ਰਸੂਲ ਅਤੇ ਨਬੀ ਉਸ ਨੀਂਹ ਦਾ ਹਿੱਸਾ ਹਨ (ਅਫ਼ਸੀਆਂ 2:20) ਜਿਸ ਉੱਤੇ ਸਾਰੇ ਮਸੀਹੀ ਲੋਕਾਂ ਦੀ ਉਸਾਰੀ ਜ਼ਰੂਰੀ ਹੈ।

**ਤਿਮੋਥਿਉਸ ਵਰਗਾ ਉਸਤਾਦ** (1: 1)

ਤਿਮੋਥਿਉਸ ਇਕ ਮਸੀਹੀ ਭਾਈ ਅਤੇ ਪੌਲੁਸ ਦਾ ਸਹਿਕਰਮੀ ਸੀ, ਉਵੇਂ ਹੀ ਜਿਵੇਂ ਪੌਲੁਸ ਅਤੇ ਅਪੁੱਲੋਸ ਸਹਿਕਰਮੀ ਸਨ (1 ਕੁਰਿੰਥੀਆਂ 3:3, 4) ਅਤੇ ਜਿਵੇਂ ਸਭ ਮਸੀਹੀ ਲੋਕਾਂ ਨੂੰ ਹੋਣਾ ਚਾਹੀਦਾ ਹੈ। ਤਿਮੋਥਿਉਸ ਨੂੰ ਰਸੂਲ ਹੋਣ ਦਾ ਹੱਕ ਜਾਂ ਮੋਅਜਜ਼ੇ ਕਰਨ ਦੇ ਦਾਨ ਨਹੀਂ ਮਿਲੇ ਸਨ। ਪੌਲੁਸ ਨੇ ਤਿਮੋਥਿਉਸ ਨੂੰ ਕੁਲੁੱਸੀਆਂ ਦੇ ਨਾਂਅ ਆਪਣੇ ਖ਼ਤ ਵਿਚ ਸਲਾਮ ਵਿਚ ਉਸ ਦਾ ਨਾਂਅ ਪਾ ਕੇ ਇਕ ਸਹਿਕਰਮੀ ਦੇ ਰੂਪ ਵਿਚ ਆਪਣੀ ਮੰਜ਼ੂਰੀ ਵਿਖਾਈ। ਅੱਜ ਦੇ ਉਸਤਾਦ ਓਸੇ ਵਰਗ ਵਿਚ ਆਉਂਦੇ ਹਨ ਜਿਸ ਵਿਚ ਤਿਮੋਥਿਉਸ ਸੀ, ਕਿਉਂ ਜੋ ਉਨ੍ਹਾਂ ਲਈ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੋਕਾਂ ਤੋਂ ਜਿਨ੍ਹਾਂ ਨੇ ਨਵੇਂ ਨੇਮ ਨੂੰ ਲਿਖਿਆ ਸੀ, ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਿੱਖਣਾ ਜ਼ਰੂਰੀ ਹੈ।

(1) *ਤਿਮੋਥਿਉਸ ਵਾਂਗ ਸਾਨੂੰ ਸਿੱਖਿਆ ਮਿਲਦੀ ਹੈ।* ਪੌਲੁਸ ਨੂੰ ਸਿੱਖਿਆ ਯਿਸੂ ਵੱਲੋਂ ਪਵਿੱਤਰ ਆਤਮਾ ਦੇ ਰਾਹੀਂ ਦਿੱਤੀ ਗਈ ਸੀ (ਗਲਾਤੀਆਂ 1:11, 12; ਅਫ਼ਸੀਆਂ 3:5)। ਤਿਮੋਥਿਉਸ ਨੇ ਪੌਲੁਸ ਤੋਂ ਸਿੱਖਿਆ ਪਾਈ ਸੀ (2 ਤਿਮੋਥਿਉਸ 2:2)। ਸਾਨੂੰ ਵੀ ਯਿਸੂ ਦੀਆਂ ਸਿੱਖਿਆਵਾਂ ਨੂੰ ਜਾਣਨ ਲਈ ਜਿਹੜਾ ਨਵੇਂ ਨੇਮ ਦਾ ਵਿਚੋਲਾ ਅਤੇ ਨਵੇਂ ਨੇਮ ਦੀ ਹਦਾਇਤ ਦਾ ਬਾਨੀ ਹੈ, ਰਸੂਲਾਂ ਅਤੇ ਨਵੇਂ ਨੇਮ ਦੇ ਲੇਖਕਾਂ ਵੱਲ ਤੱਕਣਾ ਜ਼ਰੂਰੀ ਹੈ (ਇਬਰਾਨੀਆਂ 2:10; 12:2, 24)। ਉਹ ਮਸੀਹੀ ਯੁੱਗ ਵਿਚ ਸਾਡੇ ਲਈ ਖ਼ੁਦਾ ਦੇ ਮੁਕਾਸ਼ਫ਼ੇ ਦਾ ਜ਼ਰੀਆ ਹੈ (ਇਬਰਾਨੀਆਂ 1:1, 2)।

(2) *ਤਿਮੋਥਿਉਸ ਵਾਂਗ ਸਾਨੂੰ ਜੋ ਕੁਝ ਅਸੀਂ ਦੂਸਰਿਆਂ ਨੂੰ ਸਿਖਾਉਂਦੇ ਹਾਂ ਉਸ ਵਿਚ ਖ਼ਬਰਦਾਰ ਰਹਿਣਾ ਜ਼ਰੂਰੀ ਹੈ।* ਪੌਲੁਸ ਦੇ ਨਾਲ ਕੰਮ ਕਰਨ ਵਾਲਿਆਂ ਨੂੰ ਜੋ ਕੁਝ ਉਹ ਸਿਖਾਉਂਦੇ ਸਨ, ਯਿਸੂ ਅਤੇ ਰਸੂਲਾਂ ਵਾਂਗ ਹੀ ਚੌਕਸੀ ਵਰਤਣੀ ਜ਼ਰੂਰੀ ਸੀ। ਪੌਲੁਸ ਨੇ ਤਿਮੋਥਿਉਸ ਨੂੰ ਦੱਸਿਆ ਕਿ ਉਸ ਨੇ ਉਸ ਨੂੰ ਅਫ਼ਸੁਸ ਵਿਚ ਇਸ ਕਰਕੇ ਛੱਡਿਆ ਸੀ ਤਾਂ ਜੋ ਉਹ ਕੁਝ ਲੋਕਾਂ ਨੂੰ ਸਮਝਾ ਸਕੇ। ''ਜੋ ਹੋਰ ਤਰ੍ਹਾਂ ਦੀ ਸਿੱਖਿਆ ਨਾ ਦੇਣ'' (1 ਤਿਮੋਥਿਉਸ 1:3)। ਯਾਕੂਬ ਨੇ ਲਿਖਿਆ ਹੈ, ''ਹੇ ਮੇਰੇ ਭਰਾਵੋ, ਬਾਹਲੇ ਉਪਦੇਸ਼ਕ ਨਾ ਬਣੋ, ਕਿਉਂ ਜੋ ਤੁਸੀਂ ਜਾਣਦੇ ਹੋ ਕਿ ਸਾਨੂੰ ਵਧੀਕ ਸਜ਼ਾ ਮਿਲੇਗੀ'' (ਯਾਕੂਬ 3:1)। ਕਿਆਮਤ ਵਾਲੇ ਦਿਨ ਯਿਸੂ ਕੁਝ ਲੋਕਾਂ ਨੂੰ ਉਸ ਤੋਂ ਦੂਰ ਹੋ ਜਾਣ ਲਈ ਆਖੇਗਾ ਭਾਵੇਂ ਉਹ ਉਹਦੇ ਨਾਲ ਨਬੂਵਤ ਕਿਉਂ ਨਾ ਕਰਦੇ ਰਹੇ ਹੋਣ (ਮੱਤੀ 7:22, 23)।

ਯਿਸੂ ਇਸ ਗੱਲ ਵਿਚ ਚੌਕਸ ਸੀ ਕਿ ਉਹ ਸਿਰਫ਼ ਉਹੀ ਸੰਦੇਸ਼ ਦਵੇ ਜਿਹੜਾ ਪਿਤਾ ਵੱਲੋਂ ਉਸ ਨੂੰ ਦਿੱਤਾ ਗਿਆ ਸੀ (ਯੂਹੰਨਾ 7:16; 8:26; 14:10, 24)। ਉਸ ਨੇ ਆਪਣੇ ਵੱਲੋਂ ਕੋਈ ਕੰਮ ਜਾਂ ਗੱਲ ਨਹੀਂ ਕੀਤੀ ਬਲਕਿ ਉਹ ਸਿਰਫ਼ ਪਿਤਾ ਦੇ ਦੱਸੇ ਹੋਏ ਸ਼ਬਦਾਂ ਨੂੰ ਹੀ ਦੱਸਦਾ ਸੀ। ਪਵਿੱਤਰ ਆਤਮਾ ਵੀ ਸਿਰਫ਼ ਉਹੀ ਸੰਦੇਸ਼ ਦੱਸਣ ਬਾਰੇ ਚੌਕਸ ਸੀ ਜਿਹੜਾ ਉਸ ਨੂੰ ਯਿਸੂ ਕੋਲੋਂ ਮਿਲਿਆ ਸੀ। ਯਿਸੂ ਨੇ ਉਹਦੇ ਬਾਰੇ ਆਖਿਆ, ''ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂਕਿ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' (ਯੂਹੰਨਾ 16:13)।

ਰਸੂਲਾਂ ਲਈ ਵੀ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਸੀ ਕਿ ਦੂਜਿਆਂ ਨੂੰ ਉਹੀ ਸਚਿਆਈ ਅੱਗੇ ਦੇਣ ਜਿਹੜੀ ਉਨ੍ਹਾਂ ਨੂੰ ਦਿੱਤੀ ਗਈ ਸੀ। ਪੌਲੁਸ ਨੇ ਲਿਖਿਆ ਹੈ, ''ਸਗੋਂ ਅਸਾਂ ਸ਼ਰਮ ਦੀਆਂ ਗੁਪਤ ਗੱਲਾਂ ਨੂੰ ਛੱਡਿਆ ਹੋਇਆ ਹੈ ਅਤੇ ਨਾ ਚਤਰਾਈ ਦੀ ਚਾਲ ਚੱਲਦੇ ਨਾ ਪਰਮੇਸ਼ੁਰ ਦੇ ਵਚਨ ਵਿਚ ਰਲਾ ਪਾਉਂਦੇ ਹਾਂ ਸਗੋਂ ਸਤ ਨੂੰ ਪਰਗਟ ਕਰ ਕੇ ਹਰੇਕ ਮਨੁੱਖ ਦੇ ਅੰਤਹਕਰਨ ਵਿਚ ਪਰਮੇਸ਼ੁਰ ਦੇ ਅੱਗੇ ਆਪਣਾ ਪਰਮਾਣ ਦਿੰਦੇ ਹਾਂ'' (2 ਕੁਰਿੰਥੀਆਂ 4:2)।

ਯਿਸੂ ਦੀ ਤਰਫ਼ੋਂ ਪਵਿੱਤਰ ਆਤਮਾ ਦੇ ਰਾਹੀਂ ਰਸੂਲਾਂ ਨੂੰ ਦਿੱਤਾ ਗਿਆ ਸੰਦੇਸ਼ ਉਹੀ ਸੀ ਜਿਹੜਾ ਪਿਤਾ ਸਾਡੇ ਉੱਤੇ ਜ਼ਾਹਿਰ ਕਰਨਾ ਚਾਹੁੰਦਾ ਹੈ। ਹੁਣ ਜਦਕਿ ਸਾਡੇ ਕੋਲ ਉਹ ਸੰਦੇਸ਼ ਹੈ ਜਿਸ ਨੂੰ ਰਸੂਲਾਂ

ਦੇ ਰਾਹੀਂ ਐਨੀ ਚੌਕਸੀ ਨਾਲ ਪਰਗਟ ਕੀਤਾ ਗਿਆ ਸੀ, ਤਾਂ ਸਾਨੂੰ ਵੀ ਬੜੀ ਚੌਕਸੀ ਵਿਖਾਉਣੀ ਚਾਹੀਦੀ ਹੈ ਕਿ ਜੋ ਕੁਝ ਉਨ੍ਹਾਂ ਨੇ ਸਾਨੂੰ ਪਵਿੱਤਰ ਲਿਖਤ ਦੇ ਰਾਹੀਂ ਸੌਂਪਿਆ ਹੈ ਅਸੀਂ ਉਸ ਨੂੰ ਨਾ ਬਦਲੀਏ। ਜਿਹੜੇ ਲੋਕ ਪਵਿੱਤਰ ਲਿਖਤ ਨੂੰ ਤੋੜਦੇ ਮਰੋੜਦੇ ਹਨ ਉਹ ਆਪਣੀ ਹੀ ਬਰਬਾਦੀ ਲਈ ਅਜਿਹਾ ਕਰਦੇ ਹਨ (2 ਪਤਰਸ 3:15, 16)।

**ਨਿਹਚਾਵਾਨ ਭਾਈ** (1:2)

ਪੌਲੁਸ ਕੁਲੁੱਸੇ ਦੇ ਲੋਕਾਂ ਨੂੰ ਪ੍ਰਭੂ ਦੇ ਨਿਹਚਾਵਾਨ ਮੰਨਦਾ ਸੀ (1:2)। ਉਸ ਨੇ ਉਨ੍ਹਾਂ ਨੂੰ ਝੂਠੀਆਂ ਸਿੱਖਿਆਵਾਂ ਤੋਂ ਖ਼ਬਰਦਾਰ ਰਹਿਣ ਦੀ ਚਿਤਾਵਨੀ ਦਿੱਤੀ (2:8–23)। ਨਾ ਸਿਰਫ਼ ਸਿਖਾਉਣ ਵਾਲਿਆਂ ਨੂੰ ਇਸ ਗੱਲ ਵਿਚ ਚੌਕਸ ਰਹਿਣ ਦੀ ਲੋੜ ਹੈ ਕਿ ਉਹ ਜੋ ਸਿਖਾਉਂਦੇ ਹਨ ਬਲਕਿ ਹਰ ਮਸੀਹੀ ਨੂੰ ਇਸ ਗੱਲ ਵਿਚ ਚੌਕਸ ਹੋਣਾ ਜ਼ਰੂਰੀ ਹੈ ਕਿ ਸਿਖਾਉਣ ਵਾਲਿਆਂ ਵੱਲੋਂ ਦਿੱਤੀ ਕਿਸ ਗੱਲ ਉੱਤੇ ਯਕੀਨ ਕਰਦੇ ਅਤੇ ਉਸ ਨੂੰ ਮੰਨਦੇ ਹਨ।

ਗੁਮਰਾਹ ਕਰਨ ਵਾਲੀਆਂ ਸਿੱਖਿਆਵਾਂ ਸਾਨੂੰ ਬੇਪਰਤੀਤੇ ਬਣਾ ਸਕਦੀਆਂ ਹਨ। 2 ਥੱਸਲੁਨੀਕੀਆਂ 2:10–12 ਵਿਚ ਧੋਖਾ ਦੇਣ ਵਾਲੇ ਝੂਠਾਂ ਦੇ ਸਬੰਧ ਵਿਚ ਜਿਹੜੇ ਨਿਹਚਾ ਕਰਨ ਵਾਲਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਸਨ, ਪੌਲੁਸ ਨੇ ਲਿਖਿਆ ਕਿ ਝੂਠੀਆਂ ਸਿੱਖਿਆਵਾਂ ਉਨ੍ਹਾਂ ਮਸੀਹੀ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਗੀਆਂ ਜਿਹੜੇ ਉਨ੍ਹਾਂ ਤੋਂ ਭਰਮਾਏ ਨਹੀਂ ਜਾਂਦੇ। ਭਰਮਾਏ ਜਾਣ ਤੋਂ ਬਚਣ ਲਈ ਮਸੀਹੀ ਲੋਕਾਂ ਲਈ ਸਚਿਆਈ ਨਾਲ ਪਿਆਰ ਕਰਨਾ ਜ਼ਰੂਰੀ ਹੈ (2 ਥੱਸਲੁਨੀਕੀਆਂ 2:10), ਜਿਸ ਨੂੰ ਯਿਸੂ ਦੀਆਂ ਸਿੱਖਿਆਵਾਂ ਵਿਚ ਬਣੇ ਰਹਿ ਕੇ ਸਿੱਖਿਆ ਜਾ ਸਕਦਾ ਹੈ (ਯੂਹੰਨਾ 8:31, 32)। ਸਚਿਆਈ ਯਿਸੂ ਵਿਚ ਮਿਲਦੀ ਹੈ (ਯੂਹੰਨਾ 1:14, 17; ਅਫ਼ਸੀਆਂ 4:21)।

ਪਤਰਸ ਨੇ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਜਿਨ੍ਹਾਂ ਨੇ ‘‘ਨਾਸ ਕਰਨ ਵਾਲੀਆਂ ਬਿੱਧਤਾਂ’’ ਸਿਖਾਉਣੀਆਂ ਸਨ, ਖ਼ਬਰਦਾਰ ਕੀਤਾ (2 ਪਤਰਸ 2:1)। ਅਫ਼ਸੁਸ ਦੇ ਬਜ਼ੁਰਗਾਂ ਨੂੰ ਹਦਾਇਤਾਂ ਦਿੰਦਿਆਂ ਪੌਲੁਸ ਨੇ ਆਖਿਆ ਕਿ ਉਨ੍ਹਾਂ ਵਿੱਚੋਂ ਹੀ ਲੋਕ ਉੱਠ ਖੜੇ ਹੋਣੇ ਸਨ ਜਿਨ੍ਹਾਂ ਨੇ ਉਲਟੀਆਂ ਗੱਲਾਂ ਕਰਨੀਆਂ ਸਨ (ਰਸੂਲਾਂ ਦੇ ਕੰਮ 20:29–31)। ਮਸੀਹੀ ਲੋਕਾਂ ਲਈ ਹਰ ਸਿੱਖਿਆ ਨੂੰ ਪਰਖਣਾ ਜ਼ਰੂਰੀ ਹੈ ਤਾਂ ਜੋ ਉਹ ਭਰਮਾਏ ਨਾ ਜਾ ਸਕਣ (1 ਯੂਹੰਨਾ 4:1)। ਪੁਰਾਣੇ ਨੇਮ ਦੀਆਂ ਦੁਖਦ ਘਟਨਾਵਾਂ ਵਿੱਚੋਂ ਇਕ ਯਹੂਦਾ ਦੇ ਇਕ ਜਵਾਨ ਨਬੀ ਦੀ ਹੈ ਜਿਸ ਨੂੰ ਖ਼ੁਦਾ ਵੱਲੋਂ ਇਸਰਾਏਲ ਦੇ ਰਾਜੇ ਯਾਰਾਬੁਆਮ ਨੂੰ ਸੰਦੇਸ਼ ਦੇਣ ਲਈ ਭੇਜਿਆ ਗਿਆ ਸੀ (1 ਰਾਜਿਆਂ 13:1–25)। ਉਸ ਨੂੰ ਖ਼ੁਦਾ ਵੱਲੋਂ ਜਿੱਥੇ ਉਸ ਨੇ ਸੰਦੇਸ਼ ਦੇਣਾ ਸੀ ਉੱਥੋਂ ਕੁਝ ਨਾ ਖਾਣ ਅਤੇ ਨਾ ਪੀਣ ਲਈ ਆਖਿਆ ਸੀ, ਅਤੇ ਜਿਸ ਰਾਹ ਉਹ ਗਿਆ ਸੀ ਉਸ ਤੋਂ ਵੱਖਰੇ ਰਾਹ ਵਾਪਸ ਆਉਣ ਲਈ ਆਖਿਆ ਗਿਆ ਸੀ।

ਉਸ ਨੇ ਯਾਰਾਬੁਆਮ ਨੂੰ ਸੰਦੇਸ਼ ਦਿੱਤਾ ਜਿਸ ਨੇ ਉਸ ਨੂੰ ਰੁਕਣ ਅਤੇ ਆਪਣੇ ਆਪ ਨੂੰ ਤਾਜਾ ਕਰਨ ਲਈ ਆਖਿਆ। ਉਸ ਦਾ ਜਵਾਬ ਸੀ ਕਿ ਯਹੋਵਾ ਤਰਫ਼ੋਂ ਇਸ ਦੀ ਮਨਾਹੀ ਕੀਤੀ ਗਈ ਹੈ।

ਇਕ ਬੁੱਢੇ ਨਬੀ ਨੇ ਇਸ ਸੰਦੇਸ਼ ਬਾਰੇ ਸੁਣਿਆ ਅਤੇ ਉਸ ਕੋਲ ਜਾ ਕੇ ਉਸ ਨੂੰ ਆਖਿਆ, ‘‘ਮੈਂ ਵੀ ਤੇਰੇ ਜਿਹਾ ਇਕ ਨਬੀ ਹਾਂ ਅਤੇ ਯਹੋਵਾਹ ਦੇ ਵਚਨ ਨਾਲ ਇਕ ਦੂਤ ਮੈਨੂੰ ਬੋਲਿਆ ਕਿ ਤੂੰ ਉਹ ਨੂੰ ਆਪਣੇ ਘਰ ਮੋੜ ਲਿਆ ਕਿ ਉਹ ਤੇਰੇ ਘਰ ਰੋਟੀ ਖਾਵੇ ਅਤੇ ਪਾਣੀ ਪੀਵੇ। ਪਰ ਉਸ ਨੇ ਉਹਦੇ ਨਾਲ ਝੂਠ ਮਾਰਿਆ’’ (1 ਰਾਜਿਆਂ 13:18)।

ਜਵਾਨ ਨਬੀ ਲਈ ਝੂਠ ਤੇ ਯਕੀਨ ਕਰਨਾ ਖ਼ਤਰਨਾਕ ਸੀ। ਜਦ ਉਹ ਆਪਣੇ ਘਰ ਜਾਣ ਲੱਗਾ ਤਾਂ ਉਸ ਨੂੰ ਇਕ ਸ਼ੇਰ ਨੇ ਮਾਰ ਸੁੱਟਿਆ। ਉਸ ਤੋਂ ਸਿਰਫ਼ ਖ਼ੁਦਾ ਵੱਲੋਂ ਦਿੱਤੇ ਸੰਦੇਸ਼ ਨੂੰ ਮੰਨਣ ਦੀ ਉਮੀਦ ਕੀਤੀ ਗਈ ਸੀ ਨਾ ਕਿ ਕਿਸੇ ਦੂਸਰੇ ਦੀ ਗੱਲ ਨੂੰ, ਭਾਵੇਂ ਉਹ ਕਿਸੇ ਫ਼ਰਿਸ਼ਤੇ ਦਾ ਸੰਦੇਸ਼ ਵੀ ਕਿਉਂ ਨਾ ਹੋਵੇ।

ਹਰ ਮਸੀਹੀ ਨੂੰ ਸਿਰਫ਼ ਓਸੇ ਨੂੰ ਮੰਨਣ ਲਈ ਖ਼ਬਰਦਾਰ ਰਹਿਣਾ ਜ਼ਰੂਰੀ ਹੈ ਜਿਹੜਾ ਯਿਸੂ ਨੇ ਨਵੇਂ ਨੇਮ ਵਿਚ ਪਰਗਟ ਕੀਤਾ ਹੈ। ਇਸ ਦੀਆਂ ਸਿੱਖਿਆਵਾਂ ਦੇ ਉਲਟ ਜਾਣ ਦਾ ਨਤੀਜਾ ਬਚਾਏ ਜਾਣ ਦੇ ਉਲਟ ਬਰਬਾਦੀ ਹੋਵੇਗੀ। ਮਸੀਹੀ ਲੋਕਾਂ ਲਈ ਜੋ ਕੁਝ ਯਿਸੂ ਵੱਲੋਂ ਪ੍ਰੇਰਣਾ ਪਾਏ ਹੋਏ ਉਨ੍ਹਾਂ ਲੋਕਾਂ ਦੇ ਰਾਹੀਂ ਲਿਖਿਆ ਗਿਆ ਹੈ ਜਿਨ੍ਹਾਂ ਨੇ ਨਵੇਂ ਨੇਮ ਨੂੰ ਲਿਖਿਆ, ਮੰਨਣਾ ਜ਼ਰੂਰੀ ਹੈ। ਹਰ ਮਸੀਹੀ ਲਈ ‘‘ਲਗਾਤਾਰ ਰਸੂਲਾਂ ਦੀ ਸਿੱਖਿਆ ਵਿਚ ਲੱਗੇ ਰਹਿ ਕੇ ਮੁੱਢਲੀ ਕਲੀਸੀਆ ਦੇ ਨਮੂਨੇ ਦਾ ਪਾਲਣ ਕਰਨਾ ਜ਼ਰੂਰੀ ਹੈ’’ (ਰਸੂਲਾਂ ਦੇ ਕੰਮ 2:42)।

---

ਟਿੱਪਣੀਆਂ

[1]ਐਚ. ਸੀ. ਜੀ. ਮਾਉਲ, *ਦ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1893; ਰੀਪ੍ਰਿੰਟ, 1902), 63. [2]*ਨਿਊ ਬਾਈਬਲ ਡਿਕਸ਼ਨਰੀ,* ਜਿਲਦ ਦੂਜੀ, ਸੰਪਾ. ਜੇ. ਡੀ. ਡਗਲਸ, ਸੋਧ ਐਨ. ਹਿਲਾਇਰ (ਵ੍ਹੀਟਨ, ਇਲਿਨੋਇ: ਟਿੰਡੇਲ ਹਾਊਸ ਪਬਲੀਸ਼ਿੰਗ, 1982), 891 ਵਿਚ ਈ. ਈ. ਐਲਿਸ, ‘‘ਪੌਲ।’’ [3]*ਦ ਐਂਕਰ ਬਾਈਬਲ ਡਿਕਸ਼ਨਰੀ,* ਸੰਪਾ. ਡੇਵਿਡ ਨੋਇਲ ਫ਼੍ਰੀਮੈਨ (ਨਿਊ ਯਾਰਕ: ਡਬਲਡੇ, 1992), 4:1108 ਵਿਚ ਥੌਮਸ ਡਬਲਯੂ. ਮਾਰਟਿਨ, ‘‘ਨਿਕੋਪੋਲਿਸ।’’ [4]*ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਬਾਈਬਲ,* ਸੰਪਾ. ਮੈਰਿਲ ਸੀ. ਟੈਨੀ, ਸੋਧ ਜੇ. ਡੀ. ਡਗਲਸ (ਗ੍ਰੈਂਡ ਰੈਪਿਡਸ, ਮਿਸ਼ਿਗਨ: ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1987), 760 ਵਿਚ ਡੀ. ਐਡਮੰਡ ਹਿਅਬਰਟ, ‘‘ਪੌਲ।’’ [5]ਹਰਬਰਟ ਐਮ. ਕਾਰਸਨ, *ਦ ਐਪਿਸਟਲ ਆਫ਼ ਪੌਲ ਟੂ ਦ ਕੋਲੋਸੀਅੰਜ਼ ਐਂਡ ਫਿਲੇਮੋਨ: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1960), 26. [6]*ਨਿਊ ਬਾਈਬਲ ਡਿਕਸ਼ਨਰੀ,* ਜਿਲਦ ਦੂਜੀ, ਸੰਪਾ. ਜੇ. ਡੀ. ਡਗਲਸ, ਸੰਪਾ ਐਨ. ਹਿਲਾਇਅਰ (ਵ੍ਹੀਟਨ, ਇਲਿਨੋਇ: ਟਿੰਡੇਲ ਹਾਊਸ ਪਬਲੀਸ਼ਿੰਗ, 1982), 1201 ਵਿਚ ਡੋਨਲਡ ਗੁਥਰੀ, ‘‘ਤਿਮੋਥੀ।’’ [7]ਡੋਨਲਡ ਸਟੈਂਪਸ, ਸੰਪਾ., *ਦ ਫ਼ੁੱਲ ਲਾਈਫ਼ ਸਟੱਡੀ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਕੰ., 1992), 1677. [8]ਰੌਬਰਟ ਜੀ. ਬ੍ਰੇਚਰ ਐਂਡ ਯੂਜੀਨ ਏ. ਨਿਡਾ, *ਏ ਟ੍ਰਾਂਸਲੇਟਰਜ਼ ਹੈਂਡਬੁਕ ਆਨ ਪੌਲ’ਜ਼ ਲੈਟਰਜ਼ ਟੂ ਦ ਕੋਲੋਸੀਅੰਜ਼ ਐਂਡ ਫਿਲੇਮੋਨ,* ਹੈਲਪਜ਼ ਫ਼ਾਰ ਟ੍ਰਾਂਸਲੇਟਰਜ਼ (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1977), 4. [9]ਫ਼੍ਰੈਡਰਿਕ ਡੇਲ ਬਰੂਨਰ, *ਥਿਓਲੋਜੀ ਆਫ਼ ਦ ਹੋਲੀ ਸਪਿਰਿਟ: ਦ ਪੈਂਟੀਕਾਸਟਲ ਐਕਸਪੀਰੀਅੰਸ ਐਂਡ ਦ ਨਿਊ ਟੈਸਟਾਮੈਂਟ ਵਿਟਨਸ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1970; ਰੀਪ੍ਰਿੰਟ, 1986), 257–58. [10]ਰੋਮੀਆਂ 12:5; 16:3, 7, 9, 10; 1 ਕੁਰਿੰਥੀਆਂ 3:1; 4:10; 2 ਕੁਰਿੰਥੀਆਂ 1:21; ਗਲਾਤੀਆਂ 1:22; 3:28; ਅਫ਼ਸੀਆਂ 1:1, 3, 4; ਫ਼ਿਲਿੱਪੀਆਂ 4:1, 2, 21; 1 ਥੱਸਲੁਨੀਕੀਆਂ 2:14; 3:8.